ਕੀੜੀ ਦਾ ਆਟਾ

کیِڑی دا آٹا

# ਕੀੜੀ ਦਾ ਆਟਾ

(1986 ਤੋਂ 1994)

ਮੁਹੰਮਦ ਅੱਯੂਬ ਅਵਾਨ

ਪਬਲੀਸ਼ਰ

# کیڑی دا آٹا

(1986توں1994)

محمد ایوب اعوان

پبلشرز

ਸੱਭੇ ਹੱਕ ਲਖੇਆਰ ਦੇ ਰਾਖਵੇਂ ਹਨ

ਨਾਂ ਕਿਤਾਬ: ਕੀੜੀ ਦਾ ਆਟਾ
ਲਿਖਾਰੀ: ਮੁਹੰਮਦ ਅਯੂਬ ਅਵਾਨ
ਪਹਿਲੀ ਵਾਰ:
ਦੂਜੀ ਵਾਰ:
ਗਿਨਤੀ:
ਪ੍ਰਬੰਧ ਤੇ ਉਲੱਥਾ: ਮੁਹੰਮਦ ਆਸਿਫ਼ ਰਜ਼ਾ
ਪ੍ਰਇਨਟਰ:
ਛੱਪਵਾਕ:

سبھے حق لکھیار دے راکھویں ہن

ناں کتاب: کیڑی دا آٹا
لکھاری: محمد ایوب اعوان
پہلی وار:
دُوجی وار:
گِنتی:
پربندھ تے اُلتھا: محمد آصف رضا
پرنٹر:
چھپواک:

ਦੋਸਤਾਂ ਦੇ ਨਾਂ
ਜਿਹੜੇ ਮੈਨੂੰ ਸ਼ਾਇਅਰ ਆਖਦੇ ਰਹੇ

دوستاں دے ناں
جیہڑے مینوں شاعر آکھدے رہے

1- ਖ਼ਬਰਾਂ ਆਂਦਿਆਂ
2- ਲੈਣ ਚ ਆਉ
3- ਮਿੱਟੀ ਖੁਰੇ ਮੁਹਾੜਾਂ ਦੀ
4- ਜਨਤੀਆਂ ਦਾ ਗਾਵਣ
5- ਮਾਲ ਰੋਡ ਤੇ ਟੁਰਨਾ
6- ਹਥ ਜਿਹਨਾਂ ਨੇ
7- ਲਗ ਤਾਂ ਰਾਹ ਨਿਮਾਣਿਆਂ ਦੀ
8- ਚਿੱਤਰ ਦੇ ਹਥ ਕੈਂ ਡਿਠੇ ਹਨ
9- ਨਜ਼ੀਰ ਅੱਬਾਸੀ ਕੀਤੇ
10- ਅਸੀਂ ਢੇਰੀਆਂ ਬਾਲ
10- ਲਹੌਰ ਸ਼ਹਿਰ ਦੇ ਨਾਂ
11- ਦੇਣਾ ਡੁੱਬਣ ਤੋਂ।।।
12- ਤੇਰੇ ਬਾਅਦ ਦਿਲ ਪਰ ਚਾਵਨ
13- ਨਜ਼ਮ
14- ਜੋ ਗੁਣ ਤੀਡੇ ਦੇਸ
15- ਇਹ ਗੱਲ ਐ।।।
16- ਦਿਲ ਡੋਲਦਾ ਏ।।
17- ਹੁਣ ਮਲਸੋ ਤਾਂ।।।
18- ਕਿਹੜੀ ਛਿੱਲ ਤੇ।।।
19- ਨਜ਼ਮ
20- ਚਿੜੀਏ ਗਾ
21- ਮੁਸਾਫ਼ਰ ਮਨਾਂ
22- ਬੇ ਵਸ ਦਲੜੀ

ویروا

1۔ خبراں آندیاں
2۔ لین چ آؤ
3۔ مٹی کُھرے مُہاڑاں دی
4۔ جنتیاں دا گاون
5۔ مال روڈ تے ٹُرنا
6۔ ہتھ جیہناں نے
7۔ لگ تاں راہ نمانیاں دی
8۔ چیتر دے ہتھ کیں ڈٹھے ہن
9۔ نذیر عباسی کیتے
10۔ اسیں ڈھیریاں بال
10۔ لہور شہر دے ناں
11۔ دینہہ ڈُبن توں۔۔۔
12۔ تیرے بعد دل پر چاون
13۔ نظم
14۔ جو گن تیڈے دیس
15۔ ایہہ گل اے۔۔۔
16۔ دل ڈولدا اے۔۔
17۔ ہُن ملسو تاں۔۔۔
18۔ کیہڑی چھل تے۔۔۔
19۔ نظم
20۔ چڑیئے گا
21۔ مسافر مناں
22۔ بے وس دلڑی

23– ਜੀ ਮੈਂਡੇ ਨੂੰ।।।
2- ਅਸੀਂ ਮੰਗਤਿਆਂ ਢਿੱਡ।।।
25– ਜਗਰਾਤਾ
26– ਦਿਨ ਤਰਮਦੇ ਹਨ
27– ਜੇ ਏਨਾ ਤੇ ਹੋਵੇ।।।
28– ਅਰਸ਼ ਵਕਾਨਦੀਆਂ ਲੀਰਾਂ
29– ਤੇਰਾ ਰਾਂਝਣ ਹੁਣ ਕੋਈ ਹੋਰ
30– ਸਾਡੇ ਸੁਫ਼ਨੇ ਖੇਡ।।।
31– ਨਾ ਤਾਂ ਨਸਬ ਅਸਾਂ।।।
32- ਮੀਆਂ ਰਾਂਝਾ ਜਨਜੋਂ ਚੜ੍ਹਿਆ
33– ਕੋਈ ਦੋਸ਼ ਦਸਾਉ।।।
34– ਚੇ ਗੁਵੇਰਾ
35– ਜਦ ਘਰਾਂ ਨੂੰ ਘੇਰੇ।।।
36– ਰਾਂਝੇ ਕਣ ਪੜਵਾਏ
37– ਲਾਮਾਂ ਦੇ ਵਿੱਚ।।।
38– ਪਤਨ ਬੈਠੀ ਗਿੱਟੇ ਰੋਲਾਂ
39।- ਕਲੀਆਂ ਹੁਸਨ ਫੁੱਲਾਂ ਉਤੇ
40– ਕਾਫ਼ਕਾ
41– ਮੇਰੇ ਅੰਬਰੀਂ ਖੇਡਣ
42– ਇਹ ਰਾਤ ਫ਼ਕੀਰ ਏ
43– ਨਮਹੀਏ ਨਮਹੀਏ ਵਾਏ

23۔ جی مینڈے نوں۔۔۔
24۔ اسیں منگتیاں ڈھڈ۔۔۔
25۔ جگراتا
26۔ دن ترمدے ہن
27۔ جے اینا تے ہووے۔۔۔
28۔ عرش وکاندیاں لیراں
29۔ تیرا رانجھن ہُن کوئی ہور
30۔ ساڈے سفنے کھیڈ۔۔۔
31۔ نہ تاں نسب اساں۔۔۔
32۔ میاں رانجھا جنجوں چڑھیا
33۔ کوئی دوش دساؤ۔۔۔
34۔ چے گویرا
35۔ جد گھراں نوں گھیرے۔۔۔
36۔ رانجھے کن پڑوائے
37۔ لاماں دے وچ۔۔۔
38۔ پتن بیٹھی گیٹے رولاں
39۔ کلیاں ہسن پھلان اُتے
40۔ کافکا
41۔ میرے انبریں کھیڈن
42۔ ایہہ رات فقیرائے
43۔ نمہیے نمہیے وائے

## ਖ਼ਬਰਾਂ ਆਂਦੀਆਂ

ਹਰ ਪਾਸੋਂ ਪਈਆਂ ਖ਼ੈਰ ਦੀਆਂ
ਕੈਂ ਕੈਂ ਕਿੱਥੇ ਫੀਤੇ ਕੱਟੇ
ਕਿਹੜਾ ਬੈਠ ਜਹਾਜੇ ਵਿਚ
ਬਹੁੰ ਜ਼ਰੂਰੀ ਗੱਲਾਂ ਕਰਨੇ
ਕਿਹੜੇ ਦੇਸ ਨੂੰ ਧਾਇਆ
ਇੱਹ ਕੁਝ ਸਾਰਾ ਕੀਤਾ-ਕਰਤਾ
ਖ਼ਬਰਾਂ ਦੇ ਵਿੱਚ ਆਇਆ
ਟੀ-ਵੀ ਉਤੇ ਡਿੱਠਾ
ਅਖ਼ਬਾਰਾਂ ਨੇ ਕਾ.ਗਜ਼ ਕਾਲੇ
ਦੇ ਵਿੱਚ ਪਾਕੇ
ਮੈਂ ਤੈਂ ਤੱਕ ਅਪੜਾਇਆਸ
ਮਾਈ ਆਖੇ "ਮਤ ਭੁੱਲੇ ਹੋਵ

## خبراں آندیاں

ہر پاسوں پیاں خیر دیاں
کیں کیں کتھے پِھیتے کٹے
کیہڑا بیٹھ جہاجے وِچ
بہوں ضروری گلاں کرنے
کیہڑے دیس نوں دھایا
ایہہ کُجھ سارا کیتا کرتا
خبراں دے وِچ آیا
ٹی وی اُتے ڈِٹھا
اخباراں نے کاغذ کالے
دے وِچ پاکے
میں تیں تک اپڑایا
مائی آکھے ”مت بھُلے ہوو

ਹੋਰੀ ਜਾ ਵੀ ਗੱਲ ਅਸਾਂ ਤੱਕ
ਗ਼ਲਤੀ ਦੇ ਨਾਲ ਆਈ ਹੋਵੇ
ਉਤੇ ਤਲੇ ਕਾਗ਼ਜ਼ ਕਰ ਦੀਆਂ
ਚਿਤ ਧਿਆਨ ਦੇ ਉਹਲੇ ਵਿਚੋਂ
ਮੈਂ ਜਿਹੇ ਕੈਂ ਭੁਲਨੇ ਆਲੇ
ਹੋਰ ਵੀ ਦੀ ਸੁਣਾਈ ਹੋਵੇ
ਵੇਖੋ ਨ ਇਹ ਵਾਅ ਦੇ ਵਿਚ
ਕਿਹੀ ਬੋ ਏ ਖਿੱਲਰੀ
ਬਾਲ ਅਯਾਣੇ ਰੋਗੀ ਸਾਡੇ
ਤੇ ਕਈ ਪਹਿਰਾਂ ਦੀਆਂ ਰਤ ਜਗਰਾਤੀਆਂ
ਮਾਵਾਂ ਅੱਖੀਂ ਸੋਜ
***

ہوری جاء وی گل اساں تک
غلطی دے نال آئی ہووے
اُتے تلے کاغذ کر دیاں
چِت دھیان دے اوہلے وچوں
میں جیہے کیں بُھلنے آلے
ہور وی ہور سنائی ہووے
ویکھو نا ایہہ واء دے وچ
کیہی بو اے کھِلری
بال ایانے روگی ساڈے
تے کئی پہراں دیاں رت جگراتیاں
ماواں اکھیں سوج
☆☆☆

ਇਹ ਕੋਈ ਔਖਾ ਖੋਜ। "ਕਾਰ ਕਾਂਦਰੇ ਟੋਪੀਆਂ ਆਲੇ
ਪੱਗਾਂ ਆਲੇ, ਜਗਤ ਜਹਾਨ ਦੇ ਸਭ ਸਿਆਣੇ
ਇਹੋ ਮੱਤੀਂ ਦੇਂਦੇ
"ਬੁੱਢੇ ਵਰ੍ਹੇ ਦੇ ਨੱਕ ਪੁਰਾਣੇ
ਕੀਹ ਬੋਵਾਂ ਖ਼ੁਸ਼ਬੂਆਂ ਜੋਗੇ
ਮੁੱਦਤਾਂ ਸਾਲਾਂ ਹੰਡੀਆਂ ਅੱਖੀਂ
ਕੀ ਰੋਗਾਂ ਦੀ ਪਰਖ ਕਰੇਸਨ
ਕੀਕਣ ਰਾਹਵਾਂ ਭੁੱਲੀ ਪੋਂਦੀਆਂ
ਸਿੱਧੇ ਉਤੇ ਵੇਸਨ
ਬੁੱਢੜੀ ਐਵੇਂ ਆਪ ਨ ਜੋਗੀ
ਬੇ-ਕਾਰੀ ਦੇ ਹੱਥੋਂ ਥਿੜਕੀ
ਜੱਗ ਨੂੰ ਭੁਲੀ ਪਾਵੇ
ਆਪਣੇ ਕਾਰ ਤੇ ਦਿਓ ਧਿਆਨ
ਆਪਣਾ ਅਪਣਾ ਵੇਲਾ ਚਾਰੋ
ਆਪਣਾ ਜੋੜੋ ਜਹਾਨ

ایہہ کوئی اوکھا کھوج۔ "کار کاندرے ٹوپیاں آلے
پگاں آلے، جگت جہان دے سبھ سیانے
ایہو متیں دیندے
"بُڈھے ورھے دے نک پرانے
کیہ بوواں خشبوواں جوگے
مُدتاں سالاں ہنڈیاں اکھیں
کیہ روگاں دی پرکھ کریسن
کیکن راہواں بُھلی پوندیاں
سِدھے اُتے ویسن
بُڈھڑی ایویں آپ نہ جوگی
بے کاری دے ہتھوں تھڑکی
جگ نوں بُھلی پاوے
آپنے کار تے دیو دھیان
آپنا اپنا ویلا چارو
آپنا جوڑو جہان

ਜਿਹੜੇ ਖ਼ਬਰਾਂ ਦੱਸਣ ਵਾਲੇ
ਉਹ ਕਦ ਨੇਂ ਅਣਜਾਣ
ਸੱਚ ਤੇ ਕੂੜ ਦਾ ਲੇਖਾ ਸਬਕੇ ਸਬਕੇ ਪੜ੍ਹਿਆ
ਸੌ ਸੌ ਜਾ ਦੀ ਪੌਣ ਚੋਂ ਲੰਘੇ
ਕੋਈ ਐਵੇਂ ਪੌੜੀ ਚੜ੍ਹਿਆ"
***

جیہڑے خبراں دسن والے
اوہ کد نیں انجان
سچ تے کُوڑ دا لیکھا سبقے سبقے پڑھیا
سو سو جاء دی پون چوں لنگھے
کوئی ایویں پوڑی چڑھیا"
☆☆☆

## ਲੈਣ ਚ ਆਉ

ਪਾਲ ਬਣਾਉ
ਹਿੱਕ ਦੂਜੇ ਅੱਗੇ ਪਿੱਛੇ
ਵਾਰੋ-ਵਾਰੀ ਆਉ
ਹਿੱਕ ਦੂਜੇ ਦੇ ਪੈਰਾਂ ਉਤੇ
ਆਪਣੇ ਪੈਰ ਧਰੋ
ਹੌਲੇ ਹੌਲੇ ਅੱਗੇ ਵਧੂ
ਸਬਰ ਦੀ ਆਦਤ ਪਾਉ
ਜਿਹੜਾ ਦਾਣਾ ਹੱਥ ਵਿਚ ਆਣੇ
ਆਪਣੇ ਖਸੀਏ ਪਾਉ
ਨੀਵੀਂ ਨਜ਼ਰੀਂ ਪਰਤੋ
ਪਿੱਛੇ ਮੁੜ ਕੇ ਕਦੀ ਨਾ ਵੇਖੋ
ਆਪਣੀ ਖੱਲ ਬਚਾਉ
ਲੈਣ ਚ ਆਉ
***

## لَین چ آؤ

پال بناؤ
ہک دُوجے اگے پچھے
وارو واری آؤ
ہک دوجے دے پیراں اُتے
آپنے پیر دھرو
ہولے ہولے اگے ودھو
صبر دی عادت پاؤ
جیہڑا دانہ ہتھ وچ آنے
آپنے کھسیے پاؤ
نیویں نظریں پر تو
پچھے مُڑ کے کدی نہ ویکھو
آپنی کھل بچاؤ
لَین چ آؤ
☆☆☆

ਮਿੱਟੀ ਖਰੇ ਮਹਾੜਾਂ ਦੀ
ਤੇ ਵੱਟੇ ਗੀਟੇ ਰੁੜ੍ਹਦੇ
ਇਹ ਹੌਲੇ ਹੌਲੇ ਆਪਣੀ ਸ਼ਕਲ ਵਟੇਂਦੇ
ਅਸੀਂ ਵਾਂਗ ਸਪਰਿਆਂ ਜੱਗ ਵਿਚ
ਜਾਈ ਜਾਈ ਕਰੀਏ ਡੇਰਾ
ਸੱਪ ਦੀ ਖੇਡ ਤੇ ਰਿਜ਼ਕ ਕਮਾਈਏ
ਜੀ ਆਖੀਏ ਤੱਕੇ ਜਿਹੜਾ
ਕਦੀ ਤਾਂ ਪੱਛੀਆਂ ਭਰ ਕੇ ਉਠੀਏ
ਕਦੀ ਖ਼ਾਲੀ ਜਾਵੇ ਫੇਰਾ
ਲੰਘੇ ਸ਼ਹਿਰ ਦੀ ਰੌਣਕ ਚੋਂ
ਭਾਵੇਂ ਹੋਈਏ ਗਲੀ ਦਾ ਕੱਖ
ਹਿੱਕ ਤੋਂ ਵੱਨ-ਸੱਵਨੀ ਮੂਰਤ
ਸਭ ਤੇ ਡੋਲੇ ਅੱਖ

مِٹی کُھرے مہاڑاں دی
تے وٹے گیٹے رڑھدے
ایہہ ہولے ہولے آپنی شکل وٹیندے
اسیں وانگ سپیریاں جگ وچ
جائی جائی کریئے ڈیرا
سپ دی کھیڈ تے رزق کمایئے
جی آکھیے تکے جیہڑا
کدی تاں پچھیاں بھر کے اُٹھیے
کدی خالی جاوے پھیرا
لنگھے شہر دی رونق چوں
بھاویں ہویئے گلی دا ککھ
ہک توں ون سونی مورت
سبھ تے ڈولے اکھ

ਸ਼ੈਵਾਂ ਦੇ ਨਾਲ ਭਰੀਆਂ ਹੱਟੀਆਂ
ਹਿੱਕ ਤੋਂ ਹਿੱਕ ਵਧੀਕ
ਕਿਹੜੀ ਕਿਹੜੀ ਲੋੜ ਅਸਾਡੀ
ਵਰ੍ਹਿਆਂ ਦੀ ਉਡੀਕ
ਭਾਵੇਂ ਲੱਖ ਦਾ ਖੀਸਾ ਘਿਨ ਕੇ
ਕੋਈ ਅੰਦਰ ਰੋੜੀਆ
ਥੁੜਦਾ ਭਾਗੇ ਭਰਿਆ
ਮਨ ਤਾਂ ਕਦੀ ਨ ਭਰਿਆ
ਪਲ ਪਲ ਸੋਹਣੇ ਜੱਗ ਦੇ
ਜਦ ਆ ਹੁਣ ਸਾਹਮਣੇ ਹੋਵੀਏ
ਕਈ ਚਾਰ ਭੇਵੀਏ
ਹਿੱਕ ਅੱਧ ਪਿਲਾਸਨਾ ਕਰੀਏ
ਪੂਰਾ ਤਾਣਾ ਬੋੜੀਏ
ਆਪਣਾ ਆਪ ਬਚਾ ਕੇ ਰੱਖੀਏ
ਹਿਕੋ ਵਾਰੀ ਲੋੜ੍ਹੀਏ
ਸਾਰੀ ਉਮਰ ਦੇ ਤੱਲ ਤੇ ਖੇਡੀਏ
ਯਾਂ ਹੱਥੋਂ ਜਾਂਦੇ ਵੇਲੇ ਨੂੰ
ਵੱਖਰੇ ਬਹਿ ਕੇ ਰੋਵੀਏ
***

شیواں دے نال بھریاں ہٹیاں
ہک توں ہک ودھیک
کیہڑی کیہڑی لوڑ اساڈی
ورھیاں دی اڈیک
بھاویں لکھ دا کھیسا گھِن کے
کوئی اندر روڑیا
تھڑدا بھاگے بھریا
من تاں کدی نہ بھریا
پل پل سوہنے جگ دے
جد آہن ساہمنے ہوویئے
کئی چار بھیویئے
ہک ادھ پلاسِنا کریئے
پورا تانا بوڑیئے
آپنا آپ بچا کے رکھیئے
ہکو واری لوڑھیے
ساری عمر دے تل تے کھیڈیئے
یاں ہتھوں جاندے ویلے نُوں
وکھرے بہہ کے روویئے
☆☆☆

## ਜਨਤੀਆਂ ਦਾ ਗਾਵਣ

ਸਾਡੀ ਧੌਣ ਤੇ ਆਪਣੇ ਪੈਰ
ਜਿਹਨਾਂ ਨੇ ਨਿੱਤ ਧਰੇ
ਸਾਡੀਆਂ ਮੰਗਾਂ ਪੱਲੇ ਪਾ ਕੇ ਜਿਹੜੇ ਖਾਰੇ ਆਪ ਚੜ੍ਹੇ
ਆਉ ਉਨ੍ਹਾਂ ਦੇ ਗਾਵਣ ਗਾਈਏ
ਉਨ੍ਹਾਂ ਦੇ ਮੁਸ਼ਕੀ ਘੋੜਿਆਂ ਨੂੰ ਭਰ ਕੇ ਖੁਰਲੀ ਪਾਈਏ
ਆਪਣੇ ਡਰ ਦੀਆਂ ਟਕਸਾਲਾਂ ਚ ਚਮਕੂ ਤਕਮੇ ਢਾਲੀਏ
ਉਨ੍ਹਾਂ ਦੇ ਹਾਂਹ ਸਿੰਘਾਰੀਏ
ਨਿੱਤ ਦੀਆਂ ਚੜ੍ਹੀਆਂ ਕਾਂਗਾਂ ਦੀ
ਅਸੀਂ ਵਤ ਵਤ ਕਿੱਕਲੀ ਖੇਡੀਏ
ਰੱਜ ਰੱਜ ਗਿਧੇ ਪਾਵੀਏ
ਕੰਮ ਤੋਂ ਥੱਕੇ ਤਰੁਟੇ ਆ ਕੇ

## جنتیِاں دا گاون

ساڈی دھون تے آپنے پیر
جیہناں نے نِت دھرے
ساڈیاں منگاں پلے پا کے جیہڑے کھارے آپ چڑھے
آؤ اوہناں دے گاون گایئے
اوہناں دے مُشکی گھوڑیاں نوں بھر کے کُھرلی پایئے
آپنے ڈر دیاں ٹکسالاں چ چمکو تکمے ڈھالیِے
اوہناں دے ہانہہ سنگھاریئے
نِت دیاں چڑھیاں کانگاں دی
اسیں وت وت کِکلی کھیڈیئے
رجّ رجّ گِدھے پاویئے
کم توں تھکے ٹُرٹے آ کے

ਉਹਨਾਂ ਦਾ ਵਡ ਵਿਚਾਰੀਏ
ਜੇ ਉਹ ਆਖਣ ਦੁੱਖ ਦਾ ਵੇਲਾ
ਆਪਣੀਆਂ ਅੱਖੀਂ ਤਰਮ - ਤਰਮ ਅੱਥਰੂ ਕੇਰੀਏ
ਜੇ ਉਹ ਆਖਣ ਖ਼ੁਸ਼ੀ ਦੇ ਹੱਥੋਂ ਜੱਗ ਸੁਹਾਗਣ
ਹਰ ਹਿੱਕ ਹੋਰ ਨੂੰ ਚੇਤਿਉਂ ਲਾਹ ਕੇ
ਹਿਕ ਹਿਕ ਪੈਰ ਨੂੰ ਆਗੇ ਪਾਕੇ
ਖੋਲ ਬੋਲਾਂ ਨੂੰ ਹਸੀਏ
ਹੱਥੀਂ ਤਾੜੀ ਮਾਰੀਏ
***

اوہناں دا وَڈ وچاریئے
جے اوہ آکھن دُکھ دا ویلا
آپنیاں اکھیں ترم ترم اتھرو کیریئے
جے اوہ آکھن خوشی دے ہتھوں جگ سہاگن
ہر ہک ہور نوں چیتیوں لاہ کے
ہک ہک پیر نُوں آگے پاکے
کھول بُلاں نوں ہسیے
ہتھیں تاڑی ماریئے
☆☆☆

## ਮਾਲ ਰੋਡ ਤੇ ਟੁਰਨਾ

ਜਿਹੜੀਆਂ ਲਿਖਤਾਂ ਮੈਂ ਤੈਂ ਪੜ੍ਹੀਆਂ
ਯਾਂ ਵਤ ਸਾਡੇ ਮਾਉ-ਪਿਓ ਪੜ੍ਹੀਆਂ
ਭਾਵੇਂ ਅਗਲੇ ਵੇਲੇ ਲੋਕਾਂ ਆਪੇ ਬਹਿ ਕੇ ਹੱਥੀਂ ਲਿਖੀਆਂ
ਯਾਂ ਅਸਮਾਨੋਂ ਚਿਟੇ ਖੁਮ ਫ਼ਰਿਸ਼ਤੇ ਕਛੀਂ ਮਾਰ ਕੇ ਲੱਥੇ
ਕੈਂ ਦੇ ਅੰਦਰ ਮਾਲ ਰੋਡ ਤੇ ਟੁਰਨਾ
ਮਨ੍ਹਾ ਤਾਂ ਨਹੀਂ
***

## مال روڈ تے ٹُرنا

جیہڑیاں لکھتاں میں تَیں پڑھیاں
یاں وت ساڈے ماؤ پیو پڑھیاں
بھاویں اگلے ویلے لوکاں آپے بہہ کے ہتھیں لکھیاں
یاں اسمانوں چِٹے کھُم فرشتے کچھیں مار کے لتھے
کیں دے اندر مال روڈ تے ٹُرنا
مناہ تاں نہیں
☆☆☆

ਹਥ ਜਿਹਨਾਂ ਨੇ
ਕਦੀ ਨ ਮਾਣੀ ਕੋਈ ਸਵਾਣੀ
ਕਦੀ ਨ ਚੱਖਿਆ
ਰਤ ਵੇ ਸੇਕ ਤੇ ਰੱਖਿਆ ਜੱਸਾ
ਕਦੀ ਨ ਤੁਰਿਆ ਚਾਹ ਵਿੱਚ ਜੁਸਿਉਂ ਫਟਿਆ ਪਾਣੀ
ਸਾਡੇ ਅੰਦਰ ਵਹਿਸ਼ਤ ਬਣ-ਬਣ ਵੜਦੇ
ਚਾਹ ਦੇ ਅੰਦਰ ਤਪਦੀ ਹੋਈ ਅੱਖ ਚੋਂ ਡੁਲ੍ਹੀ
ਮਸਤੀ ਦੇ ਵਿੱਚ ਸਾਨੂੰ
ਵੜਣ ਨ ਦੇਂਦੇ
ਹਿਕ ਦੂਜੇ ਦੇ ਜੁਸਿਉਂ ਫੁੱਟੀ ਲਾਟ ਦਾ ਸਾਂਗਾ
ਕਰਣ ਨ ਦਿੰਦੇ

ہتھ جیہناں نے
کدی نہ مانی کوئی سوانی
کدی نہ چکھیا
رت دے سیک تے رکھیا جُثا
کدی نہ تریا چاہ وچ جُثیوں پھٹیا پانی
ساڈے اندر وحشت بن بن وڑدے
چاہ دے اندر تپدی ہوئی اکھ چوں ڈُلھی
مستی دے وچ سانوں
وڑن نہ دیندے
ہِک دُوجے دے جُثیوں پھُٹی لاٹ دا سانگا
کرن نہ دیندے

ਲੋਭੀ ਜੀਭਾਂ ਜਿਹਨਾਂ
ਚੱਖ ਨ ਜਾਤਾ
ਹੋਠਾਂ ਦੀ ਨਰਮਾਈ ਨੂੰ
ਸੁੱਕ ਸੁੱਕ ਜਿਹੜੀਆਂ ਥਗੜ ਹੋਈਆਂ
ਅਪੜੀਆਂ ਨ ਵਤਰਾਈ ਨੂੰ
ਦਰਸਾਂ ਦੇ ਵਿੱਚ ਗਿੱਧੀਆਂ
ਸਾਡੇ ਕਨ ਚੜ੍ਹਨ
ਕਨਾਂ ਰਾਹੀਂ ਮੂੰਹ ਦੇ ਵਿਚ
ਨਿਤ ਨਿਤ ਵਿਸ ਭਰਨ
ਹੱਥਾਂ ਵਾਲੇ ਜਿਭਾਂ ਵਲਾਏ
ਰਾਜ ਨੂੰ
ਬੂਹਿਉਂ ਬਾਹਰ ਪਾਹਰਾ ਦੇਂਦੇ
ਰਾਖੀਆਂ ਤੋੜੀ ਰਹਿਣ ਦਿਓ
***

لوبھی جِیبھاں
جیہناں چکّھ نہ جاتا
ہوٹھاں دی نرمائی نوں
سک سک جیہڑیاں تھگڑ ہوئیاں
اپڑیاں نہ وترائی نُوں
درساں دے وچ گدھیاں
ساڈے کن چڑھن
کناں راہیں مونہہ دے وِچ
نِت نِت وِس بھرن
ہتھاں والے جِبھاں ولائے
راج نُوں
بوہیوں باہر پاہرا دیندے
راکھیاں توڑی رہن دیو
☆☆☆

## ਲੱਗ ਤਾਂ ਰਾਹ ਨਿਮਾਣਿਆਂ ਦੀ

ਮਨ ਦੀ ਖੋਟ ਮੁਕਾਵਣ ਮੰਗੀਂ
ਸੱਚ ਦੀ ਚੂਲੀ ਪਾਵਨ ਮੰਗੀਂ
ਲੱਗ ਤਾਂ ਰਹਿ ਨਿਮਾਣਿਆਂ ਦੀ
ਜਦ ਇਹ ਸਿੰਧ ਸਾਗਰ ਨੂੰ ਧੋਸਨ
ਨਿੱਕੀ-ਵੱਡੀ ਪੁੰਨਣ ਖਲੋਸਨ
ਚਿੱਟੀਆਂ ਕਾਲੀਆਂ ਹਿਕ-ਮਿਕ ਹੋਸਨ
ਅੱਜ ਦਿਆਂ ਰੱਜੀਆਂ ਹੱਥ ਚਾ ਰੋਸਨ
ਕੋਝੀਆਂ ਝੱਲੀਆਂ ਭੇਸ ਵਟੇਸਨ
ਹਥ ਦੀਆਂ ਕੀਤੀਆਂ ਸਿਰ ਤੇ ਚੇਸਨ
ਰਤ ਦੀ ਚੋਲੀ ਹੱਥ ਵਿਚ ਰਹਿਸੀ

## لگ تاں راہ نمانیاں دی

من دی کھوٹ مکاون منگیں
سچ دی چولی پاون منگیں
لگ تاں رہ نمانیاں دی
جد ایہہ سندھ ساگر نُوں دھوسن
نکی وڈی پُنن کھلوسن
چِٹیاں کالیاں ہِک مِک ہوسن
اج دیاں رجیاں ہتھ چارو سن
کوجھیاں جھلیاں بھیس ویٹسن
ہتھ دیاں کیتیاں سر تے چیسن
رت دی چولی ہتھ وچ رہسی

ਖ਼ਲਕਤ ਰਲ -ਮਿਲ ਸਾਵਣ ਗਾਸੀ
ਨੇੜੇ ਜਾਪੇ ਉਹ ਦੇਂਹ ਹੋਸੀ
ਤੂੰ ਲੱਗ ਤਾਂ ਰਾਹ ਨਿਮਾਣਿਆਂ ਦੀ
***

خلقت رل مِل ساون گاسی
نیڑے جاپے اوہ دینہہ ہوسی
توں لگ تاں رہ نمانیاں دی
☆☆☆

## ਚੇਤਰ ਦੇ ਹੱਥ ਕੈਂ ਡਿਠੇ ਹਨ

ਅਜਣ ਤਾਈਂ ਤਾਂ ਕੋਈ ਨ੍ਹੀਂ ਟੱਕਰਿਆ
ਜੇਂ ਡਿਠੇ ਹੋਵਣ
ਚੇਤਰ ਦੇ ਹਥ
ਰੁੱਖਾਂ ਉਤੇ ਪੱਤਰ ਲਹਿੰਦੇ
ਵਣਗੀਉ ਵਣਗੀ ਰੰਗ -ਬ੍ਰੰਗੇ
ਖ਼ਲਕਤ ਸਾਰੀ ਜਾਂਣਦੀ ਹੈ
ਬਈ ਚੇਤਰ ਦੇ ਹਥ ਬੁੱਢੜੇ ਨਹੀਂ
ਜਿਹੜੇ ਰੁੱਖਾਂ ਦੇ ਸਿਰ ਤੇ ਹੱਥ ਫੇਰਣ
ਤੇ ਰੱਖ ਥੀ ਵੰਞਣ ਸਾਵੇ
ਸਾਰੀ ਖ਼ਲਕਤ ਜਾਣਦੀ ਹੈ

## چیتر دے ہتھ کیں ڈِٹھے ہن

اجن تائیں تاں کوئی نہیں ٹکریا
جیں ڈِٹھے ہوون
چیتر دے ہتھ
رُکھاں اُتے پتّر لہندے
وِنگیو ونگی رنگ برنگے
خلقت ساری جاندی ہے
بئی چیتر دے ہتھ بُڈھڑے نہیں
جیہڑے رُکھاں دے سِر تے ہتھ پھیرن
تے رُکھ تھی ونجن ساوے
ساری خلقت جاندی ہے

ਬਈ ਚੇਤਰ ਦੇ ਹਥ ਗੱਭਰੂ ਹਨ
ਜਿਹੜੇ ਆਪੇ ਅੱਪੜ ਜੁੜੇਂਦਿਨ
ਸਭ ਰੁੱਖਾਂ ਤੇ ਪੱਤਰ
ਪੁੱਤਰ ਰੁਖ ਦੀ ਤਾਂਘ ਮੁਤਾਬਿਕ
ਹਲਕੇ ਭਾਵੇਂ ਗੂੜ੍ਹੇ ਰੰਗ ਦੇ
ਸਾਵੇ ਯਾ ਵਤ ਰੱਤੇ
ਚਾੜੇ ਗੋਲ, ਲੰਮੇ ਕਿੰਗਰੀਆਂ ਵਾਲੇ ਪੱਤਰ
ਸਾਰੀ ਖ਼ਲਕਤ ਜਾਣਦੀ ਹੇ ਬਈ
ਚੇਤਰ ਦੇ ਹਥ ਅੱਪੜ ਦੇ ਹਨ
ਉੱਚੀਆਂ ਝਿਕੀਆਂ ਜਾਈਂ ਤੇ
ਮਹਾੜਾਂ ਨਾਲੇ ਬਾਗਾਂ ਵਿਚ
ਹਰ ਹਰ ਰੁੱਖ ਨੂੰ ਪੱਤਰ ਲਹਿੰਦੇ
ਖ਼ੁਸ਼ਬੂ ਦੇਂਦਿਨ
ਦਿਲ ਹੌਲਦਾ ਹੈ
ਕਿ ਕੈਂ ਨਹੀਂ ਡਿਠੇ ਅਜਨ ਤਾਈਂ
ਹੱਥ ਚੇਤਰ ਦੇ
ਸ਼ੈਂਤ ਹੋਵਣ ਉਹ ਪਘਰ ਭਰੇ
ਥੱਕੇ ਨਿਮਾਣੇ ਅੰਦਰੋਂ– ਅੰਦਰ ਵਰਾਗੇ
***

بئی چیتر دے ہتھ گبھرو ہن
جیہڑے آپے اپڑ جڑیندن
سبھ رُکھاں تے پتّر
پتّر رُکھ دی تانگھ مطابق
ہلکے بھاویں گُوڑھے رنگ دے
ساوے یا وت رتے
چاڑے گول، لمے کنگریاں والے پتّر
ساری خلقت جاندی ہے بئی
چیتر دے ہتھ اپڑ دے ہن
اُچیاں جِھکیاں جائیں تے
مہاڑاں نالے باگاں وچ
ہر ہر رُکھ نوں پتّر لہندے
خشبو دیندن
دل ہولدا ہے
کہ کیں نہیں ڈٹھے اجن تائیں
ہتھ چیتر دے
شیت ہوون اوہ پگھر بھرے
تھکے نمانے اندروں اندر وراگے
☆☆☆

## ਨਜ਼ੀਰ ਅਬਾਸੀ ਕੀਤੇ

ਪੀਘੇ ਫਾਹੀ ਦੀਏ ਜ਼ਰਾ ਹੋਲੇ ਹੱਥ ਲਾਵੀਂ
ਅਸਾਂ ਔਖੇ ਜਾਏ ਪਾਲੇ
ਇਨ੍ਹਾਂ ਜਰੇ ਨ ਧੁੱਪਾਂ ਸਿਆਲੇ
ਕਦੀ ਖਾਰੇ ਹੱਥ ਨ ਜਾਲੇ
ਪੀਘੇ ਫਾਹੀ ਦੀਏ
ਜਿੱਤ ਖ਼ਲਕਤ ਸੀਸ ਨਿਵਾਏ
ਇਨ੍ਹਾਂ ਨਾਂਹ ਦੇ ਤਿਲਕ ਲਵਾਏ
ਤਰੜਦੀ ਧੁੱਪ ਚ ਕੋਈ ਨ ਵੈਂਦਾ
ਇਹਨਾਂ ਹੱਥਾਂ ਦੀ ਛਾਂ ਕੀਤੀ

## نذیر عباسی کیتے

پیگھے پھاہی دیئے ذرا ہولے ہتھ لاویں
اساں اوکھے جائے پالے
ایہناں جرے نہ دُھپاں سیالے
کدی کھاہرے ہتھ نہ جالے
پیگھے پھاہی دیئے
جِت خلقت سیس نوائے
ایہناں نانہہ دے تِلک لوائے
تڑدی دُھپ چ کوئی نہ ویندا
ایہناں ہتھاں دی چھاں کیتی

ਨਾ ਡਾਢਿਆਂ ਹਾਂ ਕੀਤੀ
ਪੀਘੇ ਫਾਹੀ ਦੀਏ ਜ਼ਰਾ ਹੋਲੇ ਹਥ ਲਾਵੀਂ
***

نہ ڈاہڈیاں ہاں کیتی
پیگھے پھاہی دیئے ذرا ہولے ہتھ لاویں
☆☆☆

## ਅਸੀਂ ਢੇਰੀਆਂ ਬਾਲ ਖਡਿੰਦੜੇ

ਅਸੀਂ ਢੇਰੀਆਂ ਬਾਲ ਖਡਿੰਦੜੇ
ਕੈਂ ਕੁੱਛੜ ਚਾ ਵਲਾਏ
ਭੈਣਾਂ ਰੁੱਝੀਆਂ ਕੰਮ ਵਿਚ
ਤੇ ਮਾਵਾਂ ਗ਼ੈਰ ਦੇ ਇਸ਼ਕ
ਸੱਦ ਪਏ ਸੱਦ ਲਾਮ ਦੇ
ਤੇ ਪਿਓ ਸਾਡੇ ਪ੍ਰਦੇਸ
ਅਸੀਂ ਢੇਰੀਆਂ ਬਾਲ ਖਡਿੰਦੜੇ
ਕੈਂ ਕੁੱਛੜ ਚਾ ਵਲਾਏ
***

## اسیں ڈھیریاں بال کِھڈندرے

اسیں ڈھیریاں بال کھڈندڑے
کیں کچھُڑ چا ولائے
بھیناں رُجھیاں کم وچ
تے ماواں غیر دے عشق
سدپئے سد لام دے
تے پیو ساڈے پردیس
اسیں ڈھیریاں بال کھڈندڑے
کیں کچھُڑ چاولائے
☆☆☆

## ਲਹੌਰ ਸ਼ਹਿਰ ਦੇ ਨਾਂ

ਨਾ ਮੈਂ ਹਾਕਮ ਦੇਸ ਦੁਰਾਡਿਉਂ
ਲਸ਼ਕਰ ਘਿਨ ਕੇ ਟੁਰਿਆ
ਨ ਮੈਂ ਨਾਬਰ ਤਲ ਤੈਂਡੇ ਤੇ
ਬਾਲਾਂ ਦੇ ਦਿਲ ਵਿੱਚ ਖਿੜਿਆ
ਕਈ ਵੈਰੀ ਜਦ ਆਪਣੇ ਹਾਂਹ ਤੋਂ
ਆਪਣਾ ਨਾਂਵਾਂ ਲਹਿ ਗਿਆ
ਮੀਂਹ ਵਿਚ ਤ੍ਰਿੰਮਦੇ ਦਰਖ਼ਤਾਂ
ਦੇ ਨਾਘਿਰੀਆਂ ਸੜਕਾਂ ਉਤੇ
ਮੈਂ ਬੇ - ਨਾਂਵਾਂ ਟੁਰਦਾ ਰਹਿ ਗਿਆ
ਜਿਸ ਦੇ ਉੱਪਰ

## لہور شہر دے ناں

نہ میں حاکم دیس دراڈیوں
لشکر گھن کے ٹُریا
نہ میں نابر تل تینڈے تے
بالاں دے دل وچ کِھڑیا
کئی ویری جد آپنے ہانہہ توں
آپنا ناواں لہہ گیا
مِینہ وچ ترمدے درختاں
دے ناگھِریاں سڑکاں اُتے
میں بے ناواں ٹُردا رہ گیا
جس دے اُپر

ਦਿਲ ਦੀ ਕਸ਼ਤੀ ਤੁਰਦੀ ਡੋਲੇ ਖਾਂਦੀ
ਉਹ ਮੌਜ ਬੀ ਗਲੀਆਂ ਦੇ ਵਿਚ
ਨਿਤ ਪਈ ਚੜ੍ਹਦੀ ਲਾਹੰਦੀ
ਪਿਓ ਦੀ ਪੱਗ ਦਾ ਭਾਰ ਅਸਾਂ ਕਾਂਣ,
ਲੱਖ ਪਿਆ ਭਾਵੇਂ ਹੋਸੀ
ਇਸ ਹੱਟੀ ਤਾਂ
ਅੱਟੀ ਬੀ ਹਿੱਕ ਪੋਸੀ ਕਿ ਨਾ ਪੋਸੀ
***

دل دی کشتی تَردی ڈولے کھاندی
اوہ موج بی گلیاں دے وِچ
نت پئی چڑھدی لاہندی
پیو دی پگ دا بھار اساں کان،
لکھ پیا بھاویں ہوسی
ایس ہٹی تاں
اٹی بی ہِک پوسی کہ نہ پوسی
☆☆☆

ਦੇਂਹ ਡੁੱਬਣ ਤੋਂ ਥੋੜਾ ਪਹਿਲੋਂ
ਹਰ ਸ਼ੈਅ ਲਾਲ ਦਸੀਵੇ
ਰੁੱਖਾਂ ਦੀਆਂ ਚੋਟੀਆਂ ਤੇ ਉਨ੍ਹਾਂ ਤੇ ਬੈਠੇ ਪੱਖੂੰ
ਸੜਕ ਤੇ ਵੈਂਦੀ ਬੱਸ ਤੇ ਉਹਦੇ ਚ ਬੈਠਿਆਂ ਸਵਾਰੀਆਂ ਦੇ ਹਿਲਦੇ ਸਿਰ
ਪਾਰਲੀ ਪਹਾੜੀ ਤੇ ਟੁਰਦੇ ਬੰਦੇ ਦਾ ਇਰ
ਘਰ ਵਲਦਿਆਂ ਭੇਡਾਂ ਦੀ ਉੱਡਦੀ ਧੂੜ
ਤੇ ਵਿਛੜਣ ਵੇਲੇ ਤੈਡੇ ਤਰਦੇ ਅਥਰੁਵਾਂ
ਤੇ ਡੁੱਬਦੀ ਅਵਾਜ਼ ਨਾ
ਮੈਂਡੇ ਸਰੀਰ ਚ
ਪਈ ਗੰਢ
***

دینہہ ڈُبن توں تھوڑا پہلوں
ہر شے لال دسیوے
رُکھاں دیاں چوٹیِاں تے اوہناں تے بیٹھے پکھوں
سڑک تے وینْدی بس تے اوہدے چ بیٹھیاں سواریاں دے ہلدے سِر
پارلی پہاڑی تے ٹُردے بندے دا اَیر
گھر ولدِیاں بھیڈاں دی اُڈدی دُھوڑ
تے وِچھڑن ویلے تیڈے تردے اتھرُواں
تے ڈُبدی اواز نا
مینڈے سرِیر چ
پئی گنڈھ
☆☆☆

## ਤੇਰੇ ਬਾਅਦ ਦਿਲ ਪਰਚਾਵਣ

ਮੈਂ ਅੱਜ ਦਿਹਾੜੀ ਤੈਡੇ ਮਨ-ਪਸੰਦ
ਗਾਵਣ ਸੁਣੇ
ਤੇਰੀਆਂ ਗੁਜ਼ਰਿਆਂ ਰਾਹਵਾਂ ਤੋਂ ਲੰਘਿਆਂ
ਤੇਰਾ ਨਾਂ ਲੈਂਦੀ ਜ਼ਨਾਨੀ ਦਾ ਮੂੰਹ ਗ਼ੌਰ ਨਾ ਤੱਕਿਆ
ਦੋਸਤਾਂ ਦੀ ਮਹਿਫ਼ਲ ਮੈਨੂੰ ਜਜ਼ਬ ਨਾ ਕਰਸਕੀ
ਤੇਰੇ ਖ਼ਾਲੀ ਘਰ ਦੇ ਬੂਹੇ ਚੋਂ
ਤੇਰੀ ਖ਼ੁਸ਼ਬੂ ਸੁੰਘੀ
ਰਾਤ ਪਈ ਤਾਂ ਕਈ ਕਹਾਣੀਆਂ ਪੜ੍ਹਨ
ਦੀ ਕੋਸ਼ਿਸ਼ ਕੀਤੀ ਪਰ
ਮੁੱਢ ਤੋਂ ਅਗਾਂਹ ਨਾ ਟੁਰਿਉਂ
ਕਮਰੇ ਦਾ ਬਲਬ ਤਰਏ ਵਾਰੀ ਬਾਲਿਆ
ਨੀਂਦਰ ਦੀਆਂ ਗੋਲੀਆਂ ਖਾਧੀਆਂ

## تیرے بعد دِل پرچاون

میں اج دیہاڑی تیڈے من پسند
گاون سُنے
تیریاں گزریاں راہواں توں لنگھیاں
تیرا ناں لیندی زنانی دا مونہہ غور نا تکیا
دوستاں دی محفل مینوں جذب نہ کر سکی
تیرے خالی گھر دے بوہے چوں
تیری خشبو سُنگھی
رات پئی تاں کئی کہانیاں پڑھن
دی کوشش کیتی پر
مُڈھ توں اگانہہ نہ ٹُریوں
کمرے دا بلب ترے واری بالیا
نیندر دیاں گولیاں کھادھیاں

ਤੇ ਫ਼ਜਰ ਵੇਲੇ ਇਹ ਪਤਾ ਕਰਨਾ ਔਖਾ ਹਾ
ਬਈ ਰਾਤ ਖ਼ਾਬ ਵੇਖਦਾ ਰਹਿਆਂ
ਯਾ ਖ਼ਿਆਲ ਪਲੇਂਦਾ ਰਹਿਆਂ

تے فجر ویلے ایہہ پتہ کرنا اوکھاہا
بئی رات خناب ویکھدا رہیاں
یا خیال پلیندا رہیاں

## ਨਜ਼ਮ

ਬਾਗ ਤੁਸਾਡਾ
ਫੁੱਲ ਤੁਸਾਡੇ
ਪੱਖੂ ਤੇ ਅਵਾਜ਼ ਤੁਸਾਡੀ
ਅਸਾਂ ਤਾਂ ਇੰਜੇ ਫੇਰੀ ਲਾਈ ਏ
ਬਾਗੇ ਦੇ ਵਿੱਚ ਹੌਕਾ ਦੇਸਾਂ, ਗਾਵਣ ਵਿਚੇਸਾਂ
ਰੋਹੜਾ ਲੈਸਾਂ, ਟੁੱਕਰ ਕਮੇਸਾਂ
ਪੱਛੀਆਂ ਚੈਸਾਂ ਘਰ ਟੁਰ ਵੈਸਾਂ
ਘੱਰ ਬੀ ਕਿਹੜਾ
ਝੁਗੜੀ ਪਾਈ ਏ
ਰਾਹ ਤੁਸਾਡੇ 'ਚ ਕੱਖ ਤੇ ਕਾਨੇ
ਢੇਰੀ ਲਾਈ ਏ
ਨਜ਼ਰ ਪਇਉਸੂ ਤਾਂ ਖ਼ੁਸ਼ ਥੀ ਵੈਸਾਂ
ਨਹੀਂ ਤਾਂ ਜਿੰਦੜੀ ਮੂਲ ਪਰਾਈ ਏ
***

## نظم

باگ تُساڈا
پھُل تُساڈے
پکُھو تے اواز تُساڈی
اساں تاں انجے پھیری لائی اے
باگے دے وچ ہوکا دیساں، گاون وچیساں
روہڑا لیساں، ٹکر کمیساں
پچھیاں چیساں گھر ٹُرویساں
گھر بی کیہڑا
جھُگڑی پائی اے
راہ تساڈے چ، ککھ تے کانے
ڈھیری لائی اے
نظر پیسو تاں خوش تھی ویساں
نہیں تاں جندڑی مُول پرائی اے
☆☆☆

## ਜੋਗਣ ਤੈਡੇ ਦੇਸ

ਲੰਮਾਂ ਪੰਧ ਕਰਾਂ ਤੇ ਅਪੜਾਂ
ਵਸਤੀ ਬਾਹਰ, ਤੂਤ ਦਾ ਬੂਟਾ
ਉਸ ਦੀ ਛਾਵੇਂ
ਪੱਲੇ ਬੱਧਾ ਟੁਕਰ ਖੋਲਾਂ
ਸੋਹੜਾ ਸੋਹੜਾ
ਸੁਕੇ ਸੱਘ ਤੋਂ ਥੱਲੇ ਕੇਰਾਂ
ਜਿਹੜੇ ਖੂਹ ਤੇ ਤੈਡੇ ਕਾਮੇ ਡੋਲ ਭਰੇਂਦੇ
ਉਸ ਦਾ ਪਾਣੀ
ਬੁੱਕ ਭਰ ਪੀਵਾਂ
ਮੁੜ ਕੋਈ ਜਾਤਕ ਗੋਲਾਂ

## جوگن تیڈے دیس

لمّاں پندھ کراں تے اپڑاں
وستی باہر، تُوت دا بُوٹا
اوس دی چھاویں
پلے بدھا ٹکر کھولاں
سوہڑا سوہڑا
سُکے سگھ توں تھلے کیراں
جیہڑے کھوہ تے تیڈے کامے ڈول بھریندے
اوس دا پانی
بُک بھر پیواں
مڑ کوئی جاتک گولاں

ਮਿਠੜੀ ਬੋਲੀ, ਤੈਡੇ ਘੱਰ ਦਾ ਬੂਹਾ ਪੁਛਾਂ
ਸ਼ਾਮ ਪਵੇ ਤਾਂ ਇਜੜ ਢੁਕਣ
ਉਨ੍ਹਾਂ ਦੇ ਸਾਂਗੇ
ਵਸਤੀ ਅੰਦਰ ਦਾਖ਼ਿਲ ਥੀਵਾਂ
ਤੈਡੇ ਪਿਓ ਦੇ ਬੂਹੇ ਵੜ ਕੇ
ਆਪਣਾ ਆਪ ਮੁਸਾਫ਼ਿਰ ਦਸਾਂ
ਰਾਹ ਭਲਾ ਰਾਹ ਗੁਜ਼ਰੂ ਕੋਈ
ਬੁੱਢੜਾ ਟਾਲ - ਮਟੋਲ ਕਰੇ ਤਾਂ
ਪਿਛਲੀ ਰਾਤੀਂ ਪਾਹਰ ਛੋਹਿਰ ਦੇ ਸਾਂਗੇ ਰਲ ਕੇ
ਗਲੀ ਤੈਡੀ ਦੀ ਆਖ਼ਰੀ ਚੋਕਾਂ
ਠੱਡ ਦੀ ਮਾਰੀ
ਅੱਗ ਦਾ ਭਾਂਬੜ ਬਾਲ ਕੇ ਸੇਕਾਂ
ਤੈਡੇ ਘਰ ਦੀ ਕੈਂਹ ਚੋਕਾਂ ਚੋਂ
ਬੁਝਦਾ ਬਲਦਾ ਡੀਵਾ ਵੇਖਾਂ
***

مِٹھڑی بولی، تیڈے گھر دا بوہا پُچھاں
شام پوے تاں اِجڑ ڈُھکن
اوہناں دے سانگے
وستی اندر داخل تھیواں
تیڈے پیو دے بوہے وڑ کے
آپنا آپ مسافر دساں
رہ بُھلا راہ گُزرو کوئی
بُڈھڑا ٹال مٹول کرے تاں
پچھلی راتیں پاہرو چھوہر دے سانگے رل کے
گلی تیڈی دی آخری چوکاں
ٹھڈ دی ماری
اگ دا بھانبڑ بال کے سیکاں
تیڈے گھر دی کہیں چوکاں چوں
بُجھدا بلدا ڈیوا ویکھاں
☆☆☆

## ਇਹ ਗੱਲ ਐ ਉਨ੍ਹਾਂ ਦਿਹਾੜਿਆਂ ਦੀ

ਜਦ ਹਿਕ ਹਿਕ ਕਰਕੇ ਪੱਲ ਨਭਾਣਾ
ਸਾਹ ਤੋਂ ਅਗਲੇ ਸਾਹ ਤਾਈਂ ਜਾਣਾ
ਸਾਨੂੰ ਔਖਾ ਲਗਦਾ ਏ
ਜਦ ਰਾਹ ਜਾਂਦੀ ਕੋਈ ਸੋਹਣੀ ਮੂਰਤ
ਯਾਦ ਤੁਸਾਡੀ ਦੇ ਜਾਵੇ
ਜਦ ਚੰਨ ਦੀ ਚਾਨਣੀ
ਨਰਮੀ ਨਾ
ਜੱਗ ਦੇ ਕੋਲੋਂ ਲੁਕ - ਲੁਕਾ ਕੇ
ਤੇਰੇ ਸਜਣ ਦੁਸ਼ਮਣ ਰੂਪ ਨੂੰ
ਆਪਣੀ ਬੁੱਕਲ ਅੰਦਰ ਪਾ ਕੇ ਸਾਡਾ ਵੇੜ੍ਹਾ ਸਹਿ ਜਾਵੇ
ਇਹ ਗੱਲ ਐ ਉਨ੍ਹਾਂ ਦਿਹਾੜਿਆਂ ਦੀ

## ایہہ گل اے اوہناں دیہاڑیاں دی

جد ہِک ہِک کرکے پل نبھانا
ساہ توں اگلے ساہ تائیں جانا
سانوں اوکھا لگدا اے
جد راہ جاندی کوئی سوہنی مورت
یاد تساڈی دے جاوے
جد چن دی چاننی
نرمی نا
جگ دے کولوں لُک لُکا کے
تیرے سجن دشمن روپ نُوں
آپنی بکل اندر پا کے ساڈا ویڑھا سیہ جاوے
ایہہ گل اے اوہناں دیہاڑیاں دی

ਜਦ ਪਲ ਤੋਂ ਅਗਲੇ ਪਲ ਤਾਈਂ ਜਾਣਾ
ਸਾਹ ਤੇਰੀ ਤ੍ਰਮਡੀ ਤੰਦ ਨੂੰ ਗੱਢ ਕੇ
ਪੁਲ ਬਨਾਣਾ
ਸਾਨੂੰ ਔਖਾ ਲਗਦਾ ਏ
ਇਹ ਗੱਲ ਐ ਉਨ੍ਹਾਂ ਦਿਹਾੜਿਆਂ ਦੀ

جد پل توں اگلے پل تائیں جانا
ساہ تری ترمڈی تند نُوں گڈھ کے
پل بنانا
سانوں اوکھا لگدا اے
ایہہ گل اے اوہناں دیہاڑیاں دی

## ਦਿਲ ਡੋਲਦਾ ਏ ਇਸ ਹੌਲ ਦੇ ਵਿਚ

ਪਾਣੀ ਦਾ ਵੱਗ ਦੱਸਣ ਵਾਲੇ
ਸਭੇ ਪੀਰ ਪੈਗ਼ੰਬਰ
ਕਲਫ਼ਾਂ ਵਲਾਏ ਸ਼ਿਮਲੇ ਢਾਕੇ
ਕਾਗ਼ਜ਼ ਪਿਨਸਲ ਨੁਕਰੇ ਲਾਕੇ
ਮੱਥੇ ਤੇ ਹੱਥ ਧਰਦੇ ਨੇਂ
ਅੱਖਾਂ ਦੇ ਵਿੱਚ ਅੱਖਾਂ ਪਾਕੇ
ਗੱਲ ਕਰਨ ਤੋਂ ਡਰਦੇ ਨੇਂ
ਦਿਲ ਡੋਲਦਾ ਏ ਇਸ ਹੌਲ ਦੇ ਵਿਚ
ਚੁਪ ਦੀ ਥੈਲੀ ਸੀਤੇ ਹੋਏ
ਹਰਫ਼ਾਂ ਦੇ ਨਾਲ ਕੀਤੇ ਹੋਏ ਮਖ਼ੌਲ ਦੇ ਵਿਚ
ਰੋਜ਼ ਅਜ਼ਲ ਤੋਂ ਟੁਰਦੀ ਹੋਈ

## دل ڈولدا اے ایس ہول دے وچ

پانی دا وگ دسن والے
سبھے پیر پیغمبر
کلفاں ولاے شملے ڈھاکے
کاغذ پنسل نکرے لاکے
متھے تے ہتھ دھردے نیں
اکھاں دے وچ اکھاں پاکے
گل کرن توں ڈردے نیں
دل ڈولدا اے ایس ہول دے وِچ
چُپ دی تھیلی سیتے ہوئے
حرفاں دے نال کیتے ہوئے مخول دے وچ
روز ازل توں ٹُردی ہوئی

ਵਰਕ ਦੇ ਵਿਚ
ਵਰਕ ਤੇ ਲਿਖੇ ਸਬਕਾਂ ਦੀ
ਹਰ ਪਰਤ ਦੇ ਵਿਚ
ਪਰਤ ਦੇ ਗੁੱਝੇ ਝੋਲ ਦੇ ਵਿਚ
ਦਲ ਡੋਲਦਾ ਏ ਇਸ ਹੌਲ ਦੇ ਵਿਚ

ورت دے وِچ
ورق تے لِکھے سبقاں دی
ہرپرت دے وِچ
پرت دے گجھے جھول دے وچ
دل ڈولدا اے ایس ہول دے وچ

## ਹੁਣ ਮਿਲਸੋ ਤਾਂ ਕਿਵੇਂ ਹੋਸੋ

ਉਂਜੇ ਗੱਲਾਂ ਕਰਦੀਆਂ ਅੱਖਾਂ
ਯਾਂ ਚੁੱਪ ਵਿਚ ਸੁੱਤੇ ਨੈਣ
ਵਾਅ ਨਾਲ ਖੇਡ ਕਰੇਂਦੀਆਂ ਲੱਟਾਂ
ਯਾਂ ਵਾਲਾਂ ਦੇ ਵਿੱਚ ਵੈਣ
ਓਹਾ ਮਾਣ ਚ ਤਪਿਆ ਜੁਸਾ
ਕਿ ਕੌੜ ਚ ਗੁਧੇ ਪ੍ਰਾਣ
ਰਾਤ ਦਿਨ ਦੇ ਔਖ ਦੇ ਫੇਰ ‘ਚ
ਅੱਕੇ ਹੋਏ ਹੋਸੋ
ਯਾਂ ਵਤ ਮੱਥੇ ਤੁਸਾਡੇ ਹੋਸੀ
ਭੁੱਲਣ ਯਾ ਕਿ ਯਾਦ ਰਹਿਣ ਦੀ
ਬਣਦੀ ਤਰੁਟਦੀ ਤਾਣ

## ہُن مِلسو تاں کیویں ہوسو

انجے گلاں کردیاں اکھاں
یاں چپ وچ سُتے نین
واء نال کھیڈ کریندیاں لٹاں
یاں والاں دے وچ وین
اوہا مان چ تپیا جُثا
کہ کوڑ چ گِدھے پران
رات دن دے اوکھ دے پھیر چ
اکے ہوئے ہوسو
یاں وت متھے تساڈے ہوسی
بُھلن یا کہ یاد رہن دی
بندی ترُٹدی تان

ਮੈਨੂੰ ਚੁੱਪ ਦਾ ਹੁਕਮ ਸੁਨੇਸੋ
ਯਾਂ ਆਖਸੋ "ਖੋਲ ਜ਼ੁਬਾਨ"
***

مینوں چپ دا حکم سُنیسو
یاں آکھسو"کھول زبان"
☆☆☆

## ਕਿਹੜੀ ਛੱਲ ਤੇ ਬਹਿ ਕੇ ਆਇਓਂ

ਇਸ ਦੀ ਕੋਈ ਸਾਰ ਨਾ ਆਵੇ
ਵੱਡਾ ਖਿਲਾਰ ਏ ਪਾਣੀ ਦਾ
ਤੱਲ ਤਾਂ ਯਾਸ ਦਾ ਕੈਂ ਨਹੀਂ ਡਿੱਠਾ
ਬਹੂੰ ਛੱਲਾਂ ਦੀ ਰਾਹ ਵਿਚ ਆਕੇ
ਲਾਹਿੰਦਾ, ਉਭਾ, ਸੱਥ ਗੰਵਾ ਕੇ
ਜਾਣੂੰ ਗਏ
ਤੂੰ ਤਾਰੂ, ਕਿਸ ਇਜ਼ਨ ਤੇ ਠਿਲਿਉਂ
ਕਿਸ ਅੰਕਲ, ਕਿਸ ਵੱਲ ਤੇ ਆਇਓਂ
ਚੜ੍ਹ ਕੇ ਕਿਹੜੀ ਛੱਲ ਤੇ ਆਇਓਂ

ਤੱਲ-Base
ਉਭਾ = ਉਭਰਦੇ ਦਾ ਪਾਸਾ
***

## کیہڑی چھل تے بہہ کے آیوں

اس دی کوئی سار نہ آوے
وڈا کھلار اے پانی دا
تل تاں یاس دا کیں نہیں ڈِٹھا
بہوں چھلاں دی راہ وچ آ کے
لاہندا، اُبھا، ستھ گنوا کے
جانوں گئے
توں تارو، کس اِذن تے ٹھِلیوں
کِس انکل، کِس ول تے آیوں
چڑھ کے کیہڑی چھل تے آیوں

Base =تل
اُبھا = ابھر دے دا پاسا
☆☆☆

## ਨਜ਼ਮ

ਕਿਹੜੀ ਮਣ ਦੀ ਮਿੱਟੀ ਤੈਡੀ
ਕਿਸ ਕੋਰੇ ਪਿਆਲੇ ਗਿਧੀ
ਕਿਹੜੇ ਪਾਣੀ ਦਾ ਤਰੋਕਾ ਲੱਗਿਆ
ਕੈਂ ਨਰਮ ਹੱਥਾਂ ਵਿਚ ਢਾਲੀ
ਕਿਹੜੀ ਅੱਗ ਦੇ ਸੇਕ ਤੇ ਪੱਕੀ
ਇਹ ਚੜ੍ਹੀ ਏ ਕਿਹੜੇ ਕੁਠਾਲੀ

ਕਿਹੜੇ ਬਾਗ ਦਿਲ ਫੁੱਲ ਪਰੋ ਕੇ
ਬਖ਼ਤੀ ਵਾਰ ਦੇ ਲੰਮ ਵਿਚ ਧੋਕੇ
ਖਾਰੇ ਚਾੜ੍ਹੀ ਮਾਲੀ

## نظم

کیہڑی من دی مٹی تیڈی
کس کورے پیالے گدھی
کیہڑے پانی دا تروکا لگیا
کیں نرم ہتھاں وچ ڈھالی
کیہڑی اگ دے سیک تے پکی
ایہہ چڑھی اے کیہڑے کٹھالی

کیہڑے باگ دل پھُل پروکے
بختی وار دے لنم وچ دھوکے
کھارے چاڑھی مالی

ਨਿਮੀ ਨਿਮੀ ਧੜਕ ਤੈਡੀ
ਮਿੱਠੀ ਮਿੱਠੀ ਅੜਕ ਤੈਡੀ
ਕਦੀ ਹੋਈ ਨਾ ਸਾਹੋਂ ਖ਼ਾਲੀ

ਮੇਲੂ ਬੋਲੀ ਬੋਲ ਗਏ
ਆਪਣੀਆਂ ਗੰਢਾਂ ਖੋਲ ਗਏ
ਤੈਡੀ ਤੰਦ ਦੀ ਕੀਮਤ ਮੁਕੀ
ਹਿਕ ਹਾਸੇ ਦੀ ਲਾਲੀ
ਦੋ ਬੋਲਾਂ ਦੀ ਡਾਲੀ
***

نمی نمی دھڑک تیڈی
مٹھی مٹھی اڑک تیڈی
کدی ہوئی نہ ساہوں خالی

میلو بولی بول گئے
آپنیاں گنڈھاں کھول گئے
تیڈی تند دی قیمت مکی
ہک ہاسے دی لالی
دو بولاں دی ڈالی
☆☆☆

## ਚਿੜੀਏ ਗਾ

ਚਿੜੀਏ ਗਾ
ਇਸ ਟਾਹਣੀ ਤੇ
ਉਸ ਸ਼ਾਮ ਦੇ ਵਿਚ
ਆਪਣੇ ਜਿਹਿਆਂ ਹੋਰਨਾਂ ਦੇ ਨਾਲ ਰਲ ਕੇ ਗਾ

ਚਿੜੀਏ ਗਾ
ਗੀਤ ਉਹ ਜਿਹੜਾ
ਅੱਖੀਆਂ ਦੇ ਵਿਚ
ਘੋਲ ਕੇ ਦੇਵੇ

## چڑِیئے گا

چڑیئے گا
ایس ٹاہنی تے
اس شام دے وِچ
آپنے جیہیاں ہورناں دے نال رل کے گا

چڑیئے گا
گیت اوہ جیہڑا
اکھیاں دے وچ
گھول کے دیوے

ਆਂਦੀ ਰੁੱਤ ਦੇ ਪਾਣੀ ਨੂੰ
ਪਾਣੀ ਦੇ ਨਾਲ ਸਾਵੀਆਂ ਲਗਰਾਂ
ਲਗਰਾਂ ਅਤੇ ਤਾਜ਼ੇ ਪੱਤਰਾਂ
ਪੱਤਰਾਂ ਦੇ ਵਿੱਚ ਚਮਕੂ ਰੰਗਤ
ਰੰਗਤ ਨਾਲੋਂ ਗੂੜ੍ਹੀ ਸੰਗਤ
ਸੰਗਤ ਦੇ ਮਾਣ ਚ ਟੁਰਵੇ ਹਾਣੀ
ਹਾਣ ਦੇ ਤਪ ਵਿਚ ਮੁੱਕਦੀ ਮਾਣੀ
ਮਾਨੀ ਨੂੰ ਤੂੰ ਚਿੜੀਏ ਗਾ

ਚਿੜੀਏ ਗਾਬੇ ਵਸੀ ਨੂੰ
ਬੇ ਵਸੀ ਵਿਚ ਭਖਦੀ ਹੋਈ
ਦੁੱਖਾਂ ਦੀ ਇਸ ਕਹਾਣੀ ਨੂੰ
ਆਂਦੀ ਰੁੱਤ ਦੇ ਪਾਣੀ ਨੂੰ
ਚਿੜੀਏ ਗਾ
***

آندی رت دے پانی نوں
پانی دے نال ساویاں لگراں
لگراں اُتے تازے پتراں
پتّراں دے وچ چمکو رنگت
رنگت نالوں گوڑھی سنگت
سنگت دے مان چ ٹروے ہانی
ہان دے تپ وچ مکدی مانی
مانی نوں توں چڑیئے گا

چڑیے گابے وسی نوں
بے وسی وچ بھکھدی ہوئی
دُکھاں دی ایس کہانی نوں
آندی رت دے پانی نوں
چڑیئے گا
☆☆☆

## ਮੁਸਾਫ਼ਰ ਮਨਾਂ

ਵੇਲੇ ਦੀ ਕੇਹੀ ਤੈਂ ਗੁਜ਼ਰਾਨ ਡਿੱਠੀ
ਹੱਸ ਹੱਸ ਕੇ ਆਪਣੇ ਤੈਂ ਦੂਖੜੇ ਨਿਭਾਏ
ਰੋ ਰੋ ਕੇ ਕਈਆਂ ਨਾ ਸਾਂਝਾਂ ਰਲਾਈਆਂ
ਆਪਣੇ ਤੋਂ ਚੋਰੀ ਤੈਂ ਅਰਮਾਨ ਪਾਲੇ
ਸੰਗਾਂ ਦੇ ਵਿਛੜਨ ਦੀ ਕਿਣ -ਮਿਣ ਬੀ ਜਾਲੀ
ਚੁੱਪ ਚੁੱਪ ਵਿਛੋੜੇ ਦੀ ਕੈਦਾਂ ਚੋਂ ਲੰਘਿਆ
ਹਸਨੇ ਦੀ ਰਲ -ਮਿਲ ਤੈਂ ਹਸਰਤ ਬੀ ਪੂਰੀ
ਮੱਥੇ ਤੇ ਪ੍ਰਦੇਸੀ ਖ਼ਾਕੇ ਸਹੇੜੇ
ਵਤਨੇ ਦੀ ਮਿੱਠੀਆਂ ਹਵਾਵਾਂ ‘ਚ ਖਿੜਿਆ

## مسافر مناں

ویلے دی کیہی تیں گزران ڈِٹھی
ہس ہس کے آپنے تیں دُکھڑے نبھائے
رو رو کے کیاں نا ساجھاں رلائیاں
آپنے توں چوری تیں ارمان پالے
سنگاں دے وچھڑن دی کِن مِن بی جالی
چُپ چُپ وچھوڑے دی قیداں چوں لنگھیا
ہسنے دی رل مِل تیں حسرت بی پوری
متھے تے پردیسی خاکے سہیڑے
وطنے دی مٹھیاں ہواواں چ کھڑیا

ਡਰ ਕੇ ਤੈਂ ਅਣ-ਜਾਣ ਲਾਘੇ ਬੀ ਟੱਪੇ
ਖੈਹ ਕੇ ਤੂੰ ਭੀੜਾਂ ਦੇ ਰਸਤੇ ਬੀ ਟੁਰਿਉਂ
ਬਹੂੰ ਵੈਰੀ ਖ਼ਾਲੀ ਤੈਂ ਵੇਲੇ ਨੂੰ ਪੀਤਆ
ਜੀਵਨ ਦੇ ਸ਼ਹਿਰ ਦੀ ਲੱਜ਼ਤ ਕਦਾਈਂ
ਕੱਧਾਂ ਤੋਂ, ਤੈਡੀ ਭਰੀਕੇ ਬੀ ਡੁੱਲ੍ਹ ਪਈ
ਰੇਤਾਂ ਤੇ ਥੱਕੀਆਂ ਤੈਂ ਲੱਤਾਂ ਧਰੂਈਆਂ
ਕਈ ਵੇਰੀ ਤੂਤਾਂ ਦੀ ਛਾਂਵੇਂ ਬੀ ਸੁਤਿਉਂ
ਹੁੰਦੀ ਨੂੰ ਭੁੱਲ ਕੇ ਬੀ ਰਾਤਾਂ ‘ਚ ਖੜਿਉਂ
ਕਈ ਵੇਰੀ ਆਂਦੀ ਦੇ ਡਰ ਤੋਂ ਸੁੱਕੜ ਕੇ
ਚੋਕਾਂ ਤੈਂ ਮੱਲੀਆਂ

ਕੀ ਜਾਣੇ ਕਿਤਨੇ ਦੀਹਾਂ ਦੀ
ਤੂੰ ਧ੍ਹੁੱਪੇ ਖਲੋਸੇਂ
ਕੱਦ ਤੋੜੀ ਦੁੱਖਾਂ ਦੀ ਰਾਹੀਂ ਤੂੰ ਟ੍ਰੇਸੀ
ਕੱਦ ਤੋੜੀ ਹੋਸੇਂ
***

ڈر کے تیں انجان لاگھے بی ٹپے
کھیہ کے توں بھیڑاں دے رستے بی ٹُریو
بہوں ویری خالی تیں ویلے نوں پیتیا
جیون دے شہر دی لذت کدائیں
کدھاں توں، تیڈی بھری کے بی ڈُلھ پئی
ریتاں تے تھکیاں تَیں لتاں دھرویاں
کئی ویری تُوتاں دی چھانویں بی سُتیوں
ہوندی نوں بھُل کے بی راتاں چ کھڑیوں
کئی ویری آندی دے ڈر توں سُکڑ کے
چوکاں تیں ملیاں

کیہ جانیں کتنے دیہاں دی
توں دُھپے کھلوسیں
کد توڑی دُکھاں دی راہیں توں ٹُریسی
کد توڑی ہوسیں
☆☆☆

## ਬੇ - ਵਸ ਦਿਲੜੀ

ਬੇ–ਵੱਸ ਤੇ ਲਾਚਾਰ ਦਿਲਾ
ਵਤ ਦਾ ਰੱਖੀਂ ਭੁਲੇਖਾ
ਵਤ ਦਾ ਕਿਹਾ ਲੇਖਾ
ਵੇਲਾ ਵਗਦੀ ਨੈਂ
ਇਥੇ ਸੈ ਵਸੇ ਸੈ ਗਏ
***

## بے وسس دِلڑی

بے وس تے لاچار دِلا
وت دا رکھیں بھلیکھا
وت دا کیہا لیکھا
ویلا وگدی نیں
ایتھے سے وسے سے گئے
☆☆☆

## ਜੀ ਮੈਂਡੇ ਨੂੰ ਮੱਤੀਂ ਦੇ

ਜਿਉਂ ਤੂੰ ਆਪ ਟਕਾ ਲੈ ਰੱਖਿਆ
ਇਸ ਨੂੰ ਆਖ ਬੀ ਰਹਿ
ਜੀ ਮੈਂਡੇ ਨੂੰ ਮੱਤੀਂ ਦੇ
ਦੋ ਦਿੰਹ ਹੱਸ ਕੇ ਬੋਲ ਕੇ ਡਿੱਠਾ
ਇਹ ਜਿਹੇ ਸਾਂਗੇ ਸੇ
ਤੂੰ ਨਿੱਤ ਝੋਕ ਦੁਰਾਡੀ ਸੋਰੇਂ
ਵੰਜਣ ਦੀ ਰੱਖੇਂ ਰੇ
ਇਹ ਕਿਉਂ ਵੰਜੇ ਢੈ
ਜੀ ਮੈਂਡੇ ਨੂੰ ਮੱਤੀਂ ਦੇ
***

## جی مینڈے نوں متیں دے

جیوں توں آپ ٹکا لے رکھیا
ایس نوں آکھ بی رہ
جی مینڈے نوں متیں دے
دو ڈینہہ ہس کے بول کے ڈٹھا
ایہہ جیہے سانگے سے
توں نت جھوک دُراڈی سوریں
ونجن دی رکھیں رے
ایہہ کیوں ونجے ڈھے
جی مینڈے نوں متیں دے
☆☆☆

## ਅਸੀਂ ਮੰਗਤਿਆਂ ਢਿਡ ਪਏ

ਪਿਓ ਸਾਡੇ ਹੁਣ ਸਾਹਬ-ਮੁਸਾਹਿਬ
ਮਿਰਜ਼ੇ, ਮਹਿਰ ਕਿ ਜੱਟ ਭਰਵਾਣੇ
ਕੰਮੀਂ ਜੁਲਾਹੇ, ਤਾਰ ਉਣਈਂਦੇ
ਯਾਂ ਕੋਈ ਨੌਬਤ ਬਾਜ਼ ਕਿ ਵਾਈਜ਼
ਵੱਡੀਆਂ ਪੱਗਾਂ ਬਦੂਕਾਂ ਵਾਲੇ ਸ਼ੀਂਹ
ਚਿੱਟੇ ਕੱਪੜਿਆਂ, ਸੱਥਾਂ ਵਾਲੇ
ਮੁਲਕਾਂ ਵਿਚ ਮਸ਼ਾਹੂਰ

ਅਮਲੀ ਕੋਈ ਨਸ਼ਾ ਕਰੇਂਦੇ ਪੋਸਤੀ ਖ਼ਾਕ ਪਏ
ਯਾ ਵਤ ਆਸ਼ਿਕ ਹਰਫ਼ ਵਚੇਂਨਦੇ
ਇਲਮ ਅਮਲ ਦਾ ਨੂਰ ਖੰਡੇਂਦੇ
ਸ਼ਾਹਾਂ ਦੇ ਉਸਤਾਦ

## اسیں منگتیاں ڈِھڈ پئے

پیو ساڈے ہُن صاحب مصاحب
مرزے، مہر کہ جٹ بھروانے
کمیں جولاہے، تار اُنیدے
یاں کوئی نوبت باز کہ واعظ
وڈیاں پگاں بدوکاں والے شینہہ
چٹے کپڑیاں، ستھاں والے
ملکاں وچ مشاہور

عملی کوئی نشہ کریندے پوستی خاک پئے
یاوت عاشق حرف وچیندے
علم عمل دا نور کھنڈیندے
شاہاں دے اُستاد

ਕੈਂ ਦੀ ਨੰਦ ਹਾਂ
ਮੰਗਤਿਆਂ ਝੋਲ ਸੁਖਾਲੀ
ਰੰਗਲੇ ਹਰਫ਼ ਤੋਂ ਤਿਲਕੀਆਂ ਮਾਵਾਂ
ਪੈਸੇ ਲਾਲਚ ਲੱਗਿਆਂ
ਯਾ ਵਤ ਟੁਕੜਾ ਮੰਗ ਖਾਧਿਉਨ
ਚਿੰਤੇ ਬੋੜ ਕੇ ਸੁੱਤੀਆਂ

ਪਲ ਦੋ ਪਲ ਦੀ ਲੱਜ਼ਤ ਮਾਣੀ
ਔਖੇ ਸਾਹ ਯਾਂ ਗਿਣ -ਗਿਣ ਕੇ ਨਭੀਵਣ
ਮਾਵਾਂ ਸਾਡੀਆਂ ਢਿਡ ਲੁਕਾਏ
ਦਾਈਆਂ ਦੇ ਬੂਹੇ ਪੁੱਟੇ
ਯਾਂ ਵਤ ਇਸ਼ਕ ਦੀ ਮਸਤੀ ਦੇ ਵਿਚ
ਨੌਂ ਮਹੀਨੇ ਚਾਏ
ਕਈ ਹਾਈ ਸਾਡੇ ਰੁਤ ਦੀਆਂ ਤੰਦੋਂ
ਰੁੱਖਾਂ ਹੇਠ ਸੁਕਾਏ
ਹੋਰ ਕਈ ਹਨ ਗੰਦ ਥਬੋਕੇ
ਢੇਰੀਉਂ ਭੰਗੀਆਂ ਚਾਏ

کیں دی نندہاں
منگتیاں جھول سکھالی
رنگلے حرف توں تِلکیاں ماواں
پیسے لالچ لگیاں
یا وت ٹکڑا منگ کھادھیون
چنتے بوڑ کے سُتیاں

پل دوپل دی لذت مانی
اوکھے ساہ یاں گِن گِن کے نبھیون
ماواں ساڈیاں ڈِھڈ لکائے
دائیاں دے بُوہے پٹے
یاں وت عشق دی مستی دے وِچ
نَوں مہینے چائے
کئی ہائی ساڈے رت دیاں تندوں
رُکھاں ہیٹھ سکائے
ہور کئی ہن گند تھبوکے
ڈھیریوں بھنگیاں چائے

ਕਿਸ ਸਰਦਾਰ ਦਾ ਸੱਥ ਮਨਸਾਂ ਅਸੀਂ
ਕੌਣ ਕਬੀਲਾ ਹੋਸੀ
ਟੋਕਰੇ ਚਾਕੇ ਗਲੀ ਦਾ ਫੇਰਾ
ਕਿ ਚੋਰੀ ਝੁਗੇ ਟਪਸਾਂ
ਵਸਦੇ ਜੱਗ ਦੇ ਵਾਲੀ
ਹਾਂ ਸਕੇ ਹਮਸਾਏ
ਇਹ ਬੱਤੀ ਸਾਡੇ ਅੰਦਰ,
ਰੜਕ ਬਣੀ ਨਾ ਜਾਏ

ਨੰਦ = ਬੀ ਜਿਹਦੇ ਤੋਂ ਬੰਦਾ ਬਣਦਾ

***

کس سردار دا ستھ منساں اسیں
کون قبیلہ ہوسی
ٹوکرے چاکے گلی دا پھیرا
کہ چوری جھگے ٹپساں
وسدے جگ دے والی
ہاں سکے ہمسائے
ایہہ بتی ساڈے اندر،
رِڑک بنی نہ جائے

نند = بی جیہدے توں بندہ بندا

☆☆☆

## ਜਗਰਾਤਾ

ਰਾਤ ਜੀਨੀਆ ਅੱਜ ਆਈ ਐ ਤੇ
ਕਦੀ ਬੀ ਵੈਸੀ ਕੋਈ ਨਾ
ਰੰਗ ਬਿਰੰਗਾ ਰੇਸ਼ਮ ਹੋਵੇ
ਤੇ ਹੱਥੀਂ ਉਨ੍ਹਾਂ ਖ਼ਿਆਲ
ਰੁਤੇ ਸਾਵੇ ਮਿਲਣੇ ਦੇ
ਤੇ ਪੀਲੇ ਫਿੱਕੇ ਵਿਛੋੜੇ ਵਾਲੇ

ਰਾਤ ਦਾ ਰੰਗ ਬਹੁੰ ਪੱਕਾ
ਕਦਾਈਂ ਬੀ ਘਲਸੀ ਕੋਈ ਨਾ
ਵੱਣ -ਪਵੱਨੇ ਹਰਫ਼ ਹੋਵਣ ਤੇ

## جگراتا

رات جیینا اج آئی اے تے
کدی بی ویسی کوئی نہ
رنگ برنگا ریشم ہووے
تے ہتھیں اُناں خیال
رتے ساوے مِلنے دے
تے پیلے پھکے وچھوڑے والے

رات دا رنگ بہوں پکا
کدائیں بی گھلسی کوئی نہ
ون پونے حرف ہوون تے

ਉਣਾਂ ਕਹਾਣੀ ਦਿਲ ਵਿਚ
ਗੂੜ੍ਹੀ ਪੱਕੀ ਜੀਤ ਵਾਲੀ
ਤੇ ਫੱਟੀ -ਪੁਰਾਣੀ ਹਾਰ ਵਾਲੀ

ਰਾਤ ਇਸੇ ਜਾ ਖਲੋਤੀ
ਡਰਾ ਬੀ ਹਿਲਨੀ ਕੋਈ ਨਹੀਂ
ਹਰੋਂਕੀ ਦੀਆਂ ਤਲੀਆਂ ਹੋਵਣ
ਤੇ ਉਤੇ ਬਣਾਵਾਂ ਰੁੱਤਾਂ (ਹੋਠਾਂ ਨਾਲ)
ਅੱਜ ਦੀ ਸੁੱਕੀ ਫਾਕੜੇ ਭਰੀ
ਤੇ ਕਲ ਦੀ ਹਰੀ ਸਵਾਈ
ਰਾਤ ਜੀਨੀਆ ਅੜ ਗਈ ਏ ਜ਼ਰਾ ਬੀ ਨਹੀਂ ਪਈ ਹਿਲਨੀ
ਜਾਈ ਪਜਾਈ ਦੀ ਮਿੱਟੀ ਹੋਵੇ
ਤੇ ਹਥ ਬਣਾਉਣ ਮੂਰਤਾਂ
ਸ਼ਿਮਲੇ ਵਾਲੀ ਪੱਗ ਤੇ ਕਲਫ਼ਾਂ ਲੱਗੀ ਧੋਣ
ਹਿੱਕਣ ਨਿਮਾਣੀ ਨੀਵੀਂ
ਜਿਉਂ ਸਿਰ ਤੇ ਜੱਗ ਦਾ ਭਾਰ
***

اُناں کہانی دِل وِچ
گُوڑھی پکّی جیت والی
تے پھٹی پُرانی ہار والی

رات اسے جاء کھلوتی
ڈرا بی ہِلنی کوئی نہیں
ہرونکی دیاں تلیاں ہوون
تے اُتے بناواں رُتاں(ہوٹھاں نال)
اج دی سُکی پھاکڑے بھری
تے کل دی ہری سوائی
رات جیینا اڑ گئی اے ذرا بی نہیں پئی ہِلنی
جائی پجائی دی مٹی ہووے
تے ہتھ بناون مُورتاں
شملے والی پگ تے کلفاں لگی دھون
ہِکن نمانی نیویں
جیوں سر تے جگ دا بھار
☆☆☆

## ਦਿਨ ਤ੍ਰਮਿਦੇ ਹਨ

ਨਿੱਕੀ ਕਣੀ ਦਾ ਬਦਲ ਕਰਦਾ
ਪੋਹ ਦੀ ਰੁੱਤ ਅਸਮਾਨੋਂ
ਪੀਂਘਾਂ ਵਾਂਗ ਹੁਲਾਰੇ ਲੈ ਕੇ
ਹੋਲੇ ਹੋਲੇ ਲਾਹੰਦੀ

ਖ਼ਵਾਬਾਂ ਵਰਗੇ ਸ਼ਹਿਰ ‘ਚ
ਸਾਡੇ ਪੈਰਾਂ ਹੇਠ ਵਲ੍ਹੇ ਪੱਤਰ
ਵਲ੍ਹੇ ਪੱਤਰਾਂ ਵਾਂਗੂੰ
ਪਾਣੀ ਛਡਦੇ

ਸਾਡੇ ਮਨਾਂ ਦਾ ਸੇਜਲ
ਹਿੱਕ ਦੂਜੇ ਦੇ ਨਾਲ

## دِن ترِمدے ہن

نکی کنی دا بدل کِردا
پوہ دی رُت اسمانوں
پینگھاں وانگ ہُلارے لے کے
ہولے ہولے لاہندی

خواباں ورگے شہر چ
ساڈے پیراں ہیٹھ ولھے پتر
ولھے پتّراں وانگوں
پانی چھڈدے

ساڈے مناں دا سیجل
ہِک دُوجے دے نال

ਧਰਿ– ਧੀਰੇ ਰਲਦਾ
ਠੱਡੀ ਰੁੱਤ ਵਿਚ
ਰੱਤ ਦਾ ਦੀਵਾ
ਸਾਝਾ ਥੀ ਕੇ ਬਲਦਾ
ਸਾਝਾ ਸੁਖ ਦਾ ਮੇਲਾ
ਸੁਖਾਂ ਵਾਂਗੂੰ ਢਲਦਾ
***

دھیرے دھیرے رلدا
ٹھڈی رت وِچ
رت دا دیوا
ساجھا تھی کے بلدا
ساڈا سُکھ دا میلا
سُکھاں وانگوں ڈھلدا
☆☆☆

**ਜੇ ਏਨਾ ਤੇ ਹੋਵੇ ਤਾਂ**

ਪਿਓ ਦਾਦੇ ਦੀਆਂ ਰੂਹਾਂ
ਕਲ੍ਹ ਕਟਾਰੀ ਲਾਕੇ
ਇਕ ਦੂਜੇ ਦੇ ਸਾਹਮਣ
ਪਾਲਾਂ ਬਨ੍ਹ ਖਲੋਵਨ
ਬੰਦੇ ਜੂਨ ਵਟਾ ਕੇ
ਸ਼ੀਂਹਾਂ ਵੰਗਰ ਗੜ੍ਹਕਣ
ਗਿਦੜਾਂ ਵੰਗਰ ਰੋਵਣ

ਜੇ ਏਨਾ ਤੇ ਹੋਵੇ ਤਾਂ
ਗਰਜ਼ਾਂ ਵਾਲੇ ਬਰਦੇ
ਹਰ ਹਰ ਨੂੰ ਜਾ ਆਖਣ

**جے اینا تے ہووے تاں**

پیو دادے دیاں روحاں
کل کٹاری لاکے
اِک دُوجے دے ساہمن
پالاں بنھ کھلوون
بندے جون وٹاکے
شینہاں ونگر گڑھکن
گدڑاں ونگر روون

جے اینا تے ہووے تاں
گرزاں والے بردے
ہر ہر نوں جا آکھن

ਉਹ ਕਿਹੜੇ ਵੇਲੇ ਜਾਗਣ
ਉਹ ਕਿਹੜੇ ਵੇਲੇ ਸੋਵਣ

ਜੇ ਏਨਾ ਤੇ ਹੋਵੇ ਤਾਂ
ਸਭ ਰਾਹੇ ਪੈਂਡੇ ਪੈਂਦੇ
ਕਦਮ ਰਲਾ ਕੇ ਵਗਣ
ਅੱਡੀ ਮੇਲ ਖਲੋਵਣ
***

اوہ کیہڑے ویلے جاگن
اوہ کیہڑے ویلے سوون

جے اینا تے ہووے تاں
سبھ راہے پینڈے پیندے
قدم رلاکے وگن
اڈی میل کھلوون
☆☆☆

## ਅਰਸ਼ ਵਿਕਾਂਦੀਆਂ ਲੀਰਾਂ

ਸਾਡੇ ਜੁੱਸੇ ਪਵਾਈ ਆਰੀ
ਤੇ ਸਤ ਸਤ ਡੱਕ ਬਣਵਾਏ
ਜਿਹਨਾਂ ਜੰਮ ਅਦਾਲਤਾਂ ਲਾਈਆਂ
ਉਹ ਕਾਜ਼ੀ ਫੁੱਲਣ ਸਵਾਏ
ਹੁਣ ਧਰਤੀ ਕਾਹਨੂੰ ਚੀਰਾਂ
ਜਦ ਅਰਸ਼ ਵਿਕਾਂਦੀਆਂ ਲੀਰਾਂ
***

## عرش وِکاندِیاں لِیراں

ساڈے جُثّے پوائی آری
تے ست ست ڈُک بنوائے
جیہناں جم عدالتاں لائیاں
اوہ قاضی پھلن سوائے
ہُن دھرتی کاہنوں چیراں
جد عرش وکاندیاں لیراں
☆☆☆

## ਤੇਰਾ ਰਾਂਝਣ ਹੁਣ ਕੋਈ ਹੋਰ ਨੀ

ਮਾਪਿਆਂ ਨੂੰ ਤੂੰ ਮਹਿਣੇ ਮਾਰੀਂ
ਦੇਵੀਂ ਦੋਸ਼ ਕਹਾਰਾਂ ਨੂੰ
ਤੇਰੀ ਬੁੱਕਲ ਦੇ ਵਿੱਚ ਚੋਰ ਨੀ
ਤੇਰਾ ਰਾਂਝਣ ਹੁਣ ਕੋਈ ਹੋਰ ਨੀ
***

## تیرا رانجھن ہُن کوئی ہور نی

ماپیاں نُوں توں میہنے ماریں
دیویں دوش کہاراں نُوں
تیری بُکل دے وِچ چور نی
تیرا رانجھن ہُن کوئی ہور نی
☆☆☆

ਸਾਡੇ ਸੁਫ਼ਨੇ ਖੇਡ ਕਰੇਂਦੀ ਵਾਅ ਨੂੰ ਆਖੋ
ਅਸਾਂ ਜੱਗ ਪ੍ਰਦੇਸੀ ਸਾਡਾ ਕਿਹਾ ਥੀਉਂ ਠਿਕਾਣਾ
ਪੱਤਰਾਂ ਨੇ ਨਾਂ ਆਣਾ ਕਲੀਆਂ ਨੇ ਤਾਂ ਆਣਾ
ਔਖ - ਸੌਖ ਵਿੱਚ ਆਂਦੇ–ਜਾਂਦੇ ਸਾਹ ਨੂੰ ਆਖੋ
ਕੇਹੀ ਗਾਂਜ ਤੇ ਕਿਹਾ ਲੇਖਾ ਲਾਣਾ
ਕੀੜੀ ਆਟਾ ਢੋਣਾ
ਪਖੁਵਾਂ ਆਹਲਣਾ ਪਾਵਣਾ
***

ساڈے سُفنے کھیڈ کریندی واء نوں آکھو
اساں جگ پردیسی ساڈا کیہا تھیوں ٹھکانا
پتّراں نے ناں آنا کلیاں نے تاں آنا
اوکھ سوکھ وچ آندے جاندے ساہ نوں آکھو
کیہی گانج تے کیہا لیکھا لانا
کیِڑی آٹا ڈھونا
پکھواں آہلنا پاونا
☆☆☆

ਨਾ ਤਾਂ ਨਸੱਬ ਅਸਾਂ ਦੀ ਸਈਅੱਦ
ਨਾ ਬਾਦਸ਼ਾਹਾਂ ਦੇ ਲਗਦੇ
ਨਾ ਸਿਰ ਸਾਡੇ ਆਈ ਦਰਬਾਨੀ
ਕਿਵੇਂ ਸਿੱਧੇ ਹੋ ਕੇ ਟੁਰੀਏ

ਡੰਗੀਆਂ ਟੋਪੀਆਂ ਵਾਲਿਆਂ
ਸਾਡੇ ਬਖ਼ਤ ਦੇ ਬਖ਼ਰੇ ਵੰਡੇ
ਹੰਝੂਆਂ ਬਨ੍ਹ ਕਤਾਰਾਂ ਆਵਣ
ਅੱਖੀਂ ਚੁੱਭਣ ਕੰਡੇ

ਰੁੱਤ ਅਸਾਡੀ ਮੈਲੀ ਹੋਈ
ਬਾਲਾਂ ਦੇ ਦੁੱਖ ਧੋਂਦੇ
ਹੋਰਾਂ ਦੇ ਝੱਟ ਚੰਗੇ ਆਵਣ
ਸਾਡੇ ਵੀ ਤਾਂ ਹੁੰਦੇ
***

نہ تاں نسب اساں دی سیّد
نہ بادشاہاں دے لگدے
نہ سر ساڈے آئی دربانی
کیویں سدھے ہو کے ٹریئے

ڈِنگیاں ٹوپیاں والیاں
ساڈے بخت دے بخرے ونڈے
ہنجواں بنھ قطاراں آون
اکھیں چبھن کنڈے

رت اساڈی میلی ہوئی
بالاں دے دُکھ دھوندے
ہوراں دے جھٹ چنگے آون
ساڈے وی تاں ہوندے
☆☆☆

## ਮੀਆਂ ਰਾਂਝਾ ਜੰਜੋਂ ਚੜ੍ਹਿਆ

ਜੰਜ ਚੜ੍ਹੀ ਬਈ ਖੇੜਿਆਂ ਦੀ
ਕਾਰਾਂ ਵਗੋ - ਤੱਗ
ਪਿਛਲੀ ਸੀਟ ਤੇ ਬੈਠਾ ਰਾਂਝਾ
ਹਲੇ ਸਿਰ ਤੇ ਪੱਗ
ਬੈਠਾ ਲੜ ਸੰਭਾਲੇ
(ਰੱਬ ਦੇਵੇ ਬੰਦਾ ਜਾਲੇ)

ਜਹੀ ਹੀਰ ਸਲਾਮੀਆਂ ਲੈਂਦੀ
ਛੱਡ ਪੇਕੜੇ ਸਾਹੋ ਦੇ ਵੈਂਦੀ
***

## میاں رانجھا جنجوں چڑھیا

جنج چڑھی بئی کھیڑیاں دی
کاراں وگو تگ
پچھلی سیٹ تے بیٹھا رانجھا
ہلے سر تے پگ
بیٹھا لڑ سنبھالے
(ربّ دیوے بندہ جبالے)

جٹی ہیر سلامِیاں لیندی
چھڈ پیکڑے ساہورے ویندی
☆☆☆

## ਕੋਈ ਦੋਸ਼ ਦਸਾਉ ਚੂਹਿਆਂ ਦਾ

ਸੋਹਣਿਆਂ ਸਾਈਆਂ
ਤੈਂ ਕੇਹੀ ਲਿਖੀ ਚੂਹਿਆਂ ਦੀ

ਬਿੱਲੀਆਂ ਇਨ੍ਹਾਂ ਤੇ ਛੋਹ ਲਾਏ
ਆਮ ਜ਼ਾਦੀਆਂ ਲਾਕੜ ਕੇ
ਲਾਘੇ ਰਸਤੇ ਮਾਰੇ

ਪਏ ਆਵਣ ਵਾਰੋ-ਵਾਰੀ
ਪਈ ਵਗਦੀ ਮੌਤ ਕਹਾਵੀ
ਪਈਆਂ ਸਦੀਆਂ ਐਵੇਂ ਲੰਘਣ
ਪਈਆਂ ਕਾਨਿਆਂ ਪੁੱਠੀਆਂ ਵਗਣ
***

## کوئی دوش دساؤ چوہیاں دا

سوہنیاں سائیاں
تیں کیہی لکھی چوہیاں دی

بلیلاں ایہناں تے چھوہ لائے
آم زادیاں لاکڑ کے
لاگھے رستے مارے

پئے آون وارو واری
پئی وگدی موت کہاوی
پیاں صدیاں ایویں لنگھن
پیاں کانیاں پٹھیاں وگن
☆☆☆

## ਚੈ ਗੁਵੇਰਾ

ਪੰਜੀਹ ਸਾਲ ਕਿੰਨੇ ਹੋਂਦਿਨ
ਸਾਡਾ ਸਾਹ ਲੈਣ ਦਾ ਵੱਲ
ਹੁਣ ਹੋਰ ਏ
ਤੈਡੇ ਦੁਸ਼ਮਣ ਤੇਰੀ ਲਾਸ਼
ਠੰਡੀ ਸਿਲ ਤੇ ਪਈ ਧੜਕ
ਟੀ-ਵੀ ਉੱਪਰ ਦਿਖਾਂਦੇ ਨੇਂ
ਤੈਡੀਆਂ ਅੱਖਾਂ ਦੀ ਵਿਸ
ਪੰਜੀਹ ਸਾਲ ਤੇ ਟੀ-ਵੀ ਦੀ ਸਕਰੀਨ
ਦੋਹਾਂ ਦੀ ਬਰਫ਼
ਪਾੜ ਕੇ ਆਈ ਏ

## چے گویرا

پنجیہہ سال کنے ہوندِن
ساڈا ساہ لین دا ول
ہُن ہور اے
تیڈے دشمن تیری لاش
ٹھنڈی سل تے پئی دھڑک
ٹی۔وی اُپر دکھاندے نیں
تیڈیاں اکھاں دی وِس
پنجیہہ سال تے ٹی۔وی دی سکرین
دوہاں دی برف
پاڑ کے آئی اے

ਸਾਡਾ ਜਾ ਅਮਨ ਚੋਂ ਪਿਆ ਲੰਘਦਾ
ਮੁਹੰਮਦ ਅੱਯੂਬ ਜਿਹੜਾ ਆਪਣੇ ਬਾਲਾਂ ਨਾਲ
ਆਪਣੀ ਬੋਲੀ ਨਹੀਂ ਬੋਲਦਾ
ਪਿਆ ਤੈਡੀਆਂ ਨਜ਼ਮਾਂ ਲਿਖਦਾ

ساڈا اج امن چوں پیا لنگھدا
محمد ایوب جیہڑا آپنے بالاں نال
آپنی بولی نہیں بولدا
پیا تیڈیاں نظماں لکھدا

## ਜਦ ਘਰਾਂ ਨੂੰ ਘੇਰੇ ਪੈ ਜਾਵਣ

ਗਭਰੂ ਅਗਲੀਆਂ ਥਾਂਵਾਂ ਤੇ
ਹਿਕ ਹਿਕ ਕਰਕੇ ਕਸ ਜਾਵਣ
ਹਾਂ ਥੱਕ ਕੇ ਕੈਦੀਂ ਪੈ ਜਾਵਣ
ਕੰਡਿਆਂ ਵਾਲਿਆਂ ਤਾਰਾਂ ਬੀ
ਚੜ੍ਹ ਕੇ ਆਂਦਿਆਂ ਧਾੜਾਂ ਨੂੰ
ਹੂੜਾ ਦੇਣ ਤੋਂ ਰਹਿ ਜਾਵਣ
ਵਸਦੇ ਹੋਏ ਸ਼ਹਿਰਾਂ ਵਿਚ
ਕੂਚ ਨਕਾਰੇ ਵੱਜ ਜਾਵਣ
ਸਜੀਆਂ ਥੰਜਾਂ ਸੁੱਕ ਜਾਵਣ
ਜਾਤਕ ਢਾਕੋਂ ਢੈ ਜਾਵਣ

## جد گھراں نُوں گھیرے پے جاون

گھبرو اگلیاں تھانواں تے
ہک ہک کر کے کس جاون
ہاں تھک کے قیدیں پے جاون
کنڈیاں والیاں تاراں بی
چڑھ کے آندیاں دھاڑاں نُوں
ہوڑا دین توں رہ جاون
وسدے ہوئے شہراں وچ
کوچ نقارے وج جاون
سجیاں تھنجاں سک جاون
جا تک ڈھاکوں ڈھے جاون

ਸਿਰ ਨੂੰ ਚਾ ਕੇ ਟੁਰਨੇ ਦੇ
ਸ਼ੌਂਕ ਰਗਾਂ ਵਿਚ ਸੁੱਕ ਜਾਵਣ
ਕਲਸਾਂ ਦੇ ਰੰਗ
ਧੋੜ-ਮਧੜੇ ਹੋਕੇ
ਪੀਲੇ ਪੈ ਜਾਵਣ
ਵਾਰਾਂ ਲਿਖਣੇ ਵਾਲੇ ਜਦ
ਨਵੀਆਂ ਰਾਜਾਂ ਵਾਲਿਆਂ ਦੇ
ਨਾਵੇਂ ਪੁਛਣੇ ਪੈ ਜਾਵਣ

ਥਨਜਾਂ= ਮਾਂ ਦਾ ਦੁੱਧ

***

سر نوں چا کے ٹرنے دے
شونق رگاں وچ سک جاون
کلساں دے رنگ
دھوڑمد ھوڑے ہوکے
پیلے پے جاون
واراں لکھنے والے جد
نویاں راجاں والیاں دے
ناویں پچھنے پے جاون

تھنجاں =ماں دا دُدھ

☆☆☆

## ਰਾਂਝੇ ਕਣ ਪੜਵਾਏ

ਚਿੱਕੜ ਮੱਝੀਂ ਨਹਾਂਦੀਆਂ
ਤੇ ਕਿੱਕਰਾਂ ਥੱਲੇ ਕੀੜੇ
ਸਘਨਾ ਬੂਟਾ ਬੋਹੜ ਦਾ
ਬੋਹੜ ਦੇ ਹੇਠ ਜ਼ਨਾਨੀਆਂ
ਤੂੰ ਚੱਲ ਬੀਬਾ ਮੈਂ ਆਨੀ ਆਂ
***

## رانجھے کن پڑوائے

چِکّڑ مجھّیں نہاندِیاں
تے کِکّراں تھلے کیڑے
سگھنا بُوٹا بوہڑ دا
بوہڑ دے ہیٹھ زنانیاں
توں چل بیبا میں آنی آں
☆☆☆

ਗਾਵਣ ਲਿਖਣ ਹੋਰ ਏ
ਤੈ ਜਿੰਦ ਵੰਜਾਵਣ ਹੋਰ
ਮੱਤੀਂ ਦੇਵਣ ਸੌਖਾ
ਪਰ ਛੋੜ ਕੇ ਆਵਣ ਹੋਰ
***

گاون لکھن ہور اے
تے جند ونجاون ہور
متیں دیون سوکھا
پر چھوڑ کے آون ہور
☆☆☆

ਲਾਮਾਂ ਦੇ ਵਿੱਚ ਲੜਦੇ ਘੋੜੇ ਪਿੱਛੇ ਜਿਗਰਾ ਬਣਦਾ ਏ
ਬਾਝ ਸ਼ਕਿਸਤੋਂ ਕੱਲੇ ਫ਼ੌਜੀ ਕੋਲ ਵੀ ਆਕੇ ਬਹਿੰਦਾ ਕੌਣ
***

لاماں دے وچ لڑدے گھوڑے پچھے جگرا بندا اے
باجھ شکستوں کلے فوجی کول وی آکے بہندا کون
☆☆☆

واء وگے تاں دل دی ٹاہنی پتّر پتّر ہل پوندا
پُکھو یاد دے پلکاں تے کدی ساجھا شیش محل پوندا
میکو آپنا آپ انج لگدا جیویں رہ گزرو کوئی رل پوندا
☆☆☆

ਵਾ ਵਗੇ ਤਾਂ ਦਿਲ ਦੀ ਟਾਹਣੀ ਪੱਤਰ ਪੱਤਰ ਹੱਲ ਪੋਂਦਾ
ਪੱਖੂ ਯਾਦ ਦੇ ਪਲਕਾਂ ਤੇ ਕਦੀ ਸਾਝਾ ਸ਼ੀਸ਼ ਮਹਿਲ ਪੋਂਦਾ
ਮੇਕੂ ਆਪਣਾ ਆਪ ਇੰਜ ਲਗਦਾ ਜਿਵੇਂ ਰਹਿ ਗੁਜ਼ਰੂ ਕੋਈ ਰਲ ਪੋਂਦਾ
***

ਚੇਤ ਵਿਸਾਖ ਦਾ ਟੁਰਿਉਂ ਮਾਹੀ ਆਪੋ ਹੈ ਕਾਬਲ ਘਾਇਆ
ਨਾਂ ਤੈਡੇ ਦਾ ਜਿੰਦਰਾ ਮਨ ਵਿਚ ਅਜਣ ਤਾਈਂ ਨਹੀਂ ਖੁੱਲ੍ਹਿਆ
ਕੈਂ ਕਸ਼ਮੀਰਨ ਦਿਲ ਪਰਚਾਇਉ ਈ ਯਾਂ ਤੂੰ ਸੋਨੇ ਤੁਲਿਆ
ਯਾਂ ਵਤ ਲੱਖ ਲੱਖ ਚਿੱਠੀਆਂ ਪਾਈਆਂ ਡਾਕੀਆ ਬੂਹਾ ਭੁੱਲਿਆ
***

چیت وساکھ دا ٹریوں ماہی آپو ہے کابل گھایا
ناں تیڈے دا جندرا من وچ اجن تائیں نہیں کھلیا
کیں کشمیرن دِل پرچایو ای یاں توں سونے تلیا
یاں وت لکھ لکھ چٹھیاں پائیاں ڈاکیا بوہا بھلیا
☆☆☆

ਪਤਣ ਬੈਠੀ ਗੀਟੇ ਰੋਲਾਂ
ਕਤਰਾ-ਕਤਰਾ ਅੱਥਰੂ ਕੇਰਾਂ
ਅੱਖ ਚਾ ਵੇਖਾਂ
ਬੇੜੀ ਆਵੇ, ਪੂਰ ਭਰੀਵੇ
ਮੁੜ ਇਹ ਪਾਰ ਦੀ ਪਾਂਧੂ ਥੀਵੇ
ਮੈਂ ਤੱਕਦੀ ਕੋਈ ਸਾਂਝ ਕਰੇ ਤਾਂ
ਵਾਰੀ ਲਾਵਾਂ, ਪਾਰ ਦੀ ਥੀਵਾਂ
ਜਿਹੜੀ ਲੱਪ ਮੈਂ ਸਾਂਭ ਰਖੇਂਦੀ
ਉਸ ਦੇ ਸਾਂਘੇ ਰਲ ਕੇ ਪੀਵਾਂ
***

پتن بیٹھی گیٹے رولاں
قطرہ قطرہ اتھرو کیراں
اکھ چا ویکھاں
بیڑی آوے، پور بھریوے
مڑ ایہہ پار دی پاندھو تھیوے
میں تکدی کوئی سانجھ کرے تاں
واری لاواں، پار دی تھیواں
جیہڑی لپ میں سانبھ رکھیندی
اوس دے سانگھے رل کے پیواں
☆☆☆

ਕਲੀਆਂ ਹਸਣ ਫੁੱਲਾਂ ਉਤੇ
ਤੇ ਬੁਲਬੁਲ ਰੋਵੇ ਕਲੀਆਂ ਨੂੰ
ਦਿਲੜੀ ਧੁਖ ਵਿਚਾਰ ਦੀ
ਅੱਧੇ ਚੇਤੇ ਅੜੀਆਂ ਹੋਈਆਂ ਗਲੀਆਂ ਨੂੰ
ਬਿਰਹੋਂ ਦੀ ਧੁੱਪ ‘ਚ ਵੇਖਣ ਅੱਖੀਆਂ
ਭਲੀਆਂ ਛੋੜ ਕੇ ਚਲੀਆਂ ਨੂੰ
ਮੇਲ ਮਿਲਣ ਦੀਆਂ ਠੱਡੀਆਂ ਤ੍ਰੇਲ ਤੇ ਜਾਨਵਰ ਰੁੱਤਾਂ
ਪਿੱਛੋਂ ਭਨ ਕਬਾਬ ਕਰੇਸਣ ਵਾਂਢੇ ਹੋਈਆਂ ਕਲੀਆਂ ਨੂੰ
ਮੁੜ ਪਈ ਆਪੇ ਜਰਸੀ ਜਿੰਦ
ਮੱਤੀਂ ਦੇਂਦੀਆਂ, ਰਾਹੇ ਲੈਂਦੀਆਂ, ਰਲਿਆਂ ਨੂੰ
***

کلیاں ہسّن پھُلاں اُتے
تے بُلبُل رووے کلِیاں نُوں
دِلڑی دُھکھ وچاردی
ادھے چیتے اڑیاں ہویاں گلِیاں نُوں
برہوں دی دُھپ چ ویکھن اکھیاں
بھلیاں چھوڑ کے چلیاں نُوں
میل ملن دیاں ٹھڈیاں تریل تے جانور رُتاں
پچھوں بھن کباب کریسن وانڈھے ہویاں کلیاں نُوں
مڑ پئی آپے جرسی جند
متیں دیندیاں، راہے لیندیاں، رلیاں نُوں
☆☆☆

## ਕਾਫ਼ਕਾ

ਕਾਲੇ ਰੰਗ ਦੇ ਤਾਰੇ
ਲੱਤਾਂ ਬੰਨ੍ਹ ਕੇ ਤਾਣੇ
ਉਡ਼ ਕੇ ਟੁਰਣ ਜ਼ਨਾਨੀਆਂ
ਥਣਾਂ ਚੋਂ ਫਡਾ ਘਾਹ
ਸਾਵਾ ਰੰਗ ਏ ਖ਼ੂਨ ਦਾ
ਕੰਧਾਂ ਲੈਂਦੀਆਂ ਸਾਹ
***

## کافکا

کالے رنگ دے تارے
لتاں بنھ کے تانے
اُڑ کے ٹرن زنانیاں
تھناں چوں پھڈا گھاہ
ساوا رنگ اے خون دا
کندھاں لیندیاں ساہ
☆☆☆

ਮੇਰੇ ਅੰਬਰੀਂ ਖੇਡਣ
ਵਣ – ਪਵੱਨੇ ਤਾਰੇ
ਤਾਰਿਆਂ ਵਿਚ ਲੜਾਈ
ਜਿੱਤੇ ਨਾ ਕੋਈ ਹਾਰੇ

ਮੇਰੇ ਅੰਬਰੀਂ ਲੱਗੇ
ਕਾਲੇ ਬਾਗ–ਬਗ਼ੀਚੇ
ਹਿਕ ਫੁਲ ਤੇਰੇ ਵਰਗਾ
ਮੈਂ ਸਮਦਾ ਜੈਂ ਦੇ ਨੀਚੇ

ਮੇਰੇ ਅੰਬਰੀਂ ਸਾਈਆਂ
ਸਈਆਂ ਖੇਡਣ ਆਈਆਂ
ਕਿਹਨਾਂ ਦੇ ਤੰਨ ਵਿਚ ਤੋਰਿਆ
ਤੋਰੀਏ ਧੁੰਮਾਂ ਪਾਈਆਂ
***

میرے انبریں کھیڈن
وَن پوّنے تارے
تاریاں وچ لڑائی
جتے نہ کوئی ہارے

میرے انبریں لگے
کالے باگ بغیچے
ہک پھل تیرے ورگا
میں سمدا جیں دے نیچے

میرے انبریں سائیاں
سیاں کھیڈن آئیاں
کیہناں دے تن وچ توریا
توریئے دھماں پائیاں
☆☆☆

## ਇਹ ਰਾਤ ਫ਼ਕੀਰ ਏ

ਰਾਤ ਦੇ ਪਰਾਂ ਚੋਂ ਲਹੂ ਫੁਟਦਾ
ਲਹੂ ਏ ਚਾਨਣ ਵਰਗਾ
ਚਾਨਣ ਚੋਂ ਆਵੇ ਖ਼ੁਸ਼ਬੋ
ਖ਼ੁਸ਼ਬੋ ਸਾਵਣ ਵਰਗੀ
ਰਾਤ ਦੇ ਖੰਬਾਂ ਹੇਠ
ਚੂਚੇ ਲਹੂ ਵਿੱਚ ਨਹਾਂਦੇ
ਚੂੰ-ਚੂੰ ਕਰਦੇ ਆਂਦੇ
***

## ایہہ رات فقیر اے

رات دے پراں چوں لہُو پھُٹدا
لہو اے چانن ورگا
چانن چوں آوے خشبو
خشبو ساون ورگی
رات دے کھنباں ہیٹھ
چوچے لہُو وچ نہاندے
چُوں چُوں کردے آندے
☆☆☆

## ਨਿਮੀਏ ਨਿਮੀਏ ਵਾਏ ਨੇਂ

ਦੇਸਾਂ ਤੇ ਪਰਦੇਸਾਂ ਦੇ
ਪਾਲੋ-ਪਾਲ ਮਕਾਨਾਂ ਅੱਗੇ
ਬਾਰਾਂ ਵਰ੍ਹੇ ਦੇ ਮੀਂਹ ਤੋਂ ਓਹਲੇ
ਬੱਸ ਉਡੀਕਦੇ ਲੋਕਾਂ ਦੀ
ਇਹ ਭੰਨ ਭੰਨ
ਸਾਨੂੰ ਕਿਹੜਾ ਆਣ ਬੁਝਾਏ
ਨੀ ਨਿਮੀਏ ਨਿਮੀਏ ਵਾਏ
***

## نمہیے نمہیے وائے نیں

دیساں تے پردیساں دے
پالو پال مکاناں اگے
باراں ورھے دے مینہ توں اوہلے
بس اُڈیکدے لوکاں دی
ایہہ بھن بھن
سانوں کیہڑا آن بجھائے
نی نمہیے نمہیے وائے
☆☆☆